# ਵਰਿਆਮ

ਜੂਨ ੧੯੯੯



## ਗੁਰੂ ਅਰਜਨ ਦੇਵ ਜੀ

੧੫੬੩—੧੬੦੬ ਈ:

ਵਭਿੰਨ ਧਰਮਾਂ, ਵਰਨਾਂ, ਪ੍ਰਦੇਸ਼ਾਂ ਅਤੇ ਨਸਲਾਂ ਦੇ ਪ੍ਰਮੁਖ ਵਿਚਾਰਵਾਨਾਂ ਦੀਆਂ ਸਾਹਿਤਕ ਕ੍ਰਿਤਾਂ ਨੂੰ ਇਕੱਤ੍ਰ ਅਤੇ ਸੰਪਾਦਤ ਕਰਕੇ ਸ੍ਰੀ ਆਦਿ ਗ੍ਰੰਥ ਜਿਹੇ ਸਰਬ ਸਾਂਝੇ ਮਹਾਨ ਗ੍ਰੰਥ ਦੇ ਰਚੇਤਾ ਗੁਰੂ ਅਰਜਨ ਦੇਵ ਜੀ ਨੇ ਮਨੁੱਖੀ ਆਵਾਜ਼ ਨੂੰ ਸੁਤੰਤਰਤਾ ਸਹਿਤ ਬੁਲੰਦ ਕਰਨ ਦੇ ਅਧਿਕਾਰ ਦੀ ਰੱਖਿਆ ਵਾਸਤੇ ੩੦ ਮਈ ੧੬੦੬ ਨੂੰ ਲਾਹੌਰ ਵਿਚ ਸ਼ਹੀਦੀ ਪਾਈ।

Sri Satguru Jagjit Singh Ji eLibrary NamdhariElibrary@gmail.com

ਵਰਿਆਮ
ਜੂਨ—੧੯੮੯ ਜਿਲਦ—੧੪ ਅੰਕ—੮

# ਰਵਿੰਦਰ ਰਵੀ ਦਾ ਕਤਲ

ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਡਾ: ਰਵਿੰਦਰ ਰਵੀ ਦਾ ਕਤਲ ਕਰ ਦਿਤਾ ਗਿਆ ਹੈ । ਕਤਲਾਂ ਦੀ ਇਸ ਹਨੇਰੀ ਵਿਚ ਪਤਾ ਨਹੀਂ ਕਿਸ ਦੀ ਵਾਰੀ ਕਦੋਂ ਆ ਜਾਣੀ ਹੈ । ਇਹ ਗਿਣ ਮਿਥ ਕੇ ਕੀਤੇ ਜਾਂਦੇ ਰਾਜਸੀ ਕਤਲ ਹਨ । ਡਾ: ਰਵੀ ਮਿਠ ਬੋਲੜਾ ਅਤੇ ਘੱਟ ਬੋਲਣ ਵਾਲਾ ਸਜਨ ਸੀ ਪਰ ਆਪਣੀ ਗਲ ਨੂੰ ਬਹੁਤ ਦਲੀਲ ਅਤੇ ਵਜ਼ਨ ਨਾਲ ਰਖਦਾ ਸੀ । ਇਹ ਹੀ ਸਿਫਤ ਉਸਦਾ ਕਾਲ ਸਿਧ ਹੋਈ । ਸਿਖ ਸਮਾਜ ਦੀ ਖਵਾਰੀ ਦੇਖੋ । ਕਿਥੋਂ ਗੁਰੂ ਨਾਨਕ ਦੀ ਰਬਾਬ ਤੋਂ ਗਲ ਤੁਰੀ ਅਤੇ ਅਜ ਏ. ਕੇ. ਸੰਤਾਲੀ ਤਕ ਅਪੜੀ ਹੈ । ਕਿਥੇ ਗੁਰੂ ਨਾਨਕ ਦੇਵ ਜਿਨ੍ਹਾਂ ਨੇ ਵੱਖ ਵਿਚਾਰਾਂ, ਆਪਣੇ ਤੋਂ ਉਲਟ ਅਕੀਦਿਆਂ ਵਾਲਿਆਂ ਚਿੰਤਕਾਂ ਲੇਖਕਾਂ ਵਿਚਾਰਵਾਨਾਂ ਨੂੰ ਚੁਣ ਚੁਣ ਕੇ ਲਭਿਆ ਅਤੇ ਵਿਚਾਰ ਗੋਸ਼ਟੀਆਂ ਕੀਤੀਆਂ, ਵਿਚਾਰਾਂ ਨਾਲ ਕਾਇਲ ਕੀਤਾ ਅਤੇ ਸਾਰੇ ਭਾਰਤ ਨੂੰ ਹੀ ਨਹੀਂ ਸਗੋਂ ਬਾਹਰ ਦੇ ਦੇਸ਼ਾਂ ਨੂੰ ਵੀ ਜਿਤਿਆ । ਭਾਈ ਗੁਰਦਾਸ ਨੇ ਇਥੋਂ ਤਕ ਲਿਖਿਆ ਕਿ 'ਜੀਤੀ ਨਉਖੰਡ ਮੇਦਨੀ, ਸਤਿਨਾਮ ਦਾ ਚਕਰ ਫਿਰਾ-ਇਆ । ਦੇਵ ਦਾਨੋ ਰਾਕਸਿ ਦੈਤ ਸਭ, ਚਿਤਿ ਗੁਪਤਿ ਸਭਿ ਚਰਨੀ ਲਾਇਆ...ਹਿੰਦੂ ਮੁਸਲਮਾਨਿ ਨਿਵਾਇਆ''

ਜਿਹੜੇ ਗੁਰੂ ਨਾਨਕ ਨੇ ਵਿਦਵਾਨਾਂ ਨੂੰ ਚੁਣ ਚੁਣ ਕੇ ਲਭ ਕੇ ਵਿਚਾਰਾਂ ਦਾ ਸੰਚਾਰ ਕੀਤਾ । ਜਿਹੜੇ ਗੁਰੂ ਅਰਜਨ ਦੇਵ ਜੀ ਨੇ ਸਾਰੇ ਭਾਰਤ ਦੇ ਸਾਹਿਤਕਾਰਾਂ ਦੀਆਂ ਉਤਮ ਰਚਨਾਵਾਂ ਨੂੰ ਚੁਣ ਚੁਣ ਕੇ ਇਕ ਮਹਾਨ ਗਰੰਥ ਵਿਚ ਸੰਭਾਲਿਆ । ਜਿਹੜੇ ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਜੀ ਨੇ ਅਕੀਦੇ ਦੀ ਆਜ਼ਾਦੀ ਵਾਸਤੇ ਸ਼ਹੀਦੀਆਂ ਪਾਈਆਂ । ਜਿਹੜੇ ਗੁਰੂ ਗੋਬਿੰਦ ਸਿੰਘ ਜੀ ਨੇ ਚੋਣਵੇਂ ਬਵਿੰਜਾ ਸਾਹਿਤਕਾਰਾਂ ਨੂੰ ਦਰਬਾਰ ਵਿਚ ਸਤਿਕਾਰਿਆ ਅਤੇ ਵਿਚਾਰਾਂ ਦੀ ਆਜ਼ਾਦੀ ਵਾਸਤੇ ਸਰਬੰਸ ਦਾਨ ਕੀਤਾ ਉਸ ਗੁਰੂ ਨਾਨਕ ਗੁਰੂ ਅਰਜਨ, ਗੁਰੂ ਤੇਗ ਬਹਾਦਰ, ਗੁਰੂ ਗੋਬਿੰਦ ਸਿੰਘ ਦੇ ਪੱਕੇ ਮੁਰੀਦ ਕਹਾਉਣ ਵਾਲੇ 'ਸੂਰਮੇ', ਵਿਦਵਾਨਾਂ ਨੂੰ ਚੁਣ ਚੁਣ ਕੇ ਵਿਚਾਰ ਗੋਸ਼ਟੀ ਨਹੀਂ ਕਰ ਰਹੇ ਸਗੋਂ ਵਿਦੇਸ਼ਾਂ ਵਿਚੋਂ ਲਈਆਂ ਮਾਰੂ ਰਾਈਫਲਾਂ ਰਾਹੀਂ ਮਾਰ ਰਹੇ ਹਨ ਅਤੇ ਅਗੋਂ ਨਾਂਅ ਲੈ ਲੈ ਕੇ ਮਾਰਨ ਦਾ ਐਲਾਨ ਵੀ ਕਰਦੇ ਹਨ । ਇਹ ਰਬਾਬ ਤੋਂ ਰਾਈਫਲ ਤੱਕ ਦਾ ਸਫ਼ਰ ਹੈ । ਤੇਰਾਂ ਤੇਰਾਂ ਤੋਂ ਮੇਰਾ ਮੇਰਾ ਤਕ ਦਾ ਸਫ਼ਰ ਹੈ । ਲਾ ਤਾਦਾਦ ਤੋਂ ਸਿਫ਼ਰ ਵਲ ਦਾ ਸਫਰ ਹੈ । ਸਰਬ ਵਿਆਪਕਤਾ ਤੋਂ ਅਣਹੋਂਦ ਵਲ ਦੀ ਯਾਤਰਾ ਹੈ । ਜਿਹੜੇ ਖਾਲਿਸਤਾਨ ਦੀ ਕਾਇਮੀ ਵਾਸਤੇ ਇਹ ਸੰਘਰਸ਼ ਕਰਨ ਦਾ ਐਲਾਨ ਕਰ ਰਹੇ ਹਨ ਜੇ ਕਲ੍ਹ ਨੂੰ ਉਹ ਬਣ ਜਾਵੇ ਤਾਂ ਉਸ ਵੇਲੇ ਤਕ ਸਭ ਖਾਲਸਿਆਂ ਨੂੰ ਮੁਕਾ ਚੁੱਕੇ ਹੋਣਗੇ । ਜਿਹੜੇ, ਕਿਸੇ ਕੇਂਦਰੀ ਸਰਕਾਰ ਦੇ ਜ਼ੁਲਮਾਂ ਵਿਰੁਧ ਇਹ ਜੂਝ ਰਹੇ ਦੱਸਦੇ ਹਨ ਉਸ ਸਰਕਾਰ ਨੂੰ ਅਸਲ ਵਿਚ ਬਲ ਇਹ ਹੀ ਦੇ ਰਹੇ ਹਨ ।

ਜਿਸ ਕਲਮ ਅਤੇ ਜ਼ਬਾਨ ਨੂੰ ਬੰਦ ਕਰਨ ਵਾਸਤੇ ਡਾ: ਰਵੀ ਨੂੰ ਕਤਲ ਕੀਤਾ ਗਿਆ ਹੈ ਉਹ ਕਲਮ ਤੇ ਜ਼ਬਾਨ ਤਾ ਹੋਰ ਮਜ਼ਬੂਤ ਹੋਵੇਗੀ ! ਸੰਸਾਰ ਇਤਿਹਾਸ ਇਸ ਗੱਲ ਦਾ ਗਵਾਹ ਹੈ । ਸ ਡੇ ਗੁਰੂਆਂ ਦਾ ਇਤਿਹਾਸ ਵੀ ਇਸ ਗੱਲ ਦੀ ਸ਼ਾਹਦੀ ਭਰਦਾ ਹੈ ।

—ਜਗਦੀਸ਼ ਸਿੰਘ

## ਵਰਿਆਮ ਦੇ ਨਵੇਂ ਫੋਨ ਨੰਬਰ

ਦਫਤਰ : 5 7 4 5 6 ] 5 7 5 4 7 ] P. P.

ਘਰ : 5 6 2 8 9

ਦਫਤਰ ਦਾ ਪਤਾ : Office Address
ਮਾਸਕ ਵਰਿਆਮ Monthly WARIAM
ਲਾਡੋਵਾਲੀ ਰੋਡ (Punjabi)
(ਨੇੜੇ ਮਦਨ ਫਲੋਰ ਮਿਲ) Ladowali Road,
ਜਲੰਧਰ(੧੪੪੦੦੧ (Near Madan Flour Mill)
Jalandhar-144001

### ਵਰਿਆਮ ਦੇ ਦਰ

| | | |
|---|---|---|
| ਇਕ ਪ੍ਰਤੀ | | ੩.੦੦ ਰੁਪਏ |
| ਸਾਲਾਨਾ ਚੰਦਾ | | ੩੦.੦੦ ,, |
| ਤਿੰਨ ਸਾਲ ਵਾਸਤੇ | | ੮੦.੦੦ ,, |
| ਚਾਰ ਸਾਲ ਵਾਸਤੇ | | ੧੦੦.੦੦ ,, |
| ਪੰਜ ਸਾਲ ਵਾਸਤੇ | | ੧੨੫.੦੦ ,, |
| ਉਮਰ ਭਰ ਵਾਸਤੇ | | ੩੦੦.੦੦ ,, |
| ਥਾਈਲੈਂਡ : | ਹਵਾਈ ਡਾਕ | ੨੦੦.੦੦ ,, |
| | ਸਮੁੰਦਰੀ | ੮੦.੦੦ ,, |
| ਅਰਬ ਅਫਰੀਕਾ ਤੇ ਯੂਰਪ | ਹਵਾਈ ਡਾਕ | ੨੫੦.੦੦ ,, |
| | ਸਮੁੰਦਰੀ | ੮੦.੦੦ ,, |
| ਅਮਰੀਕਾ : ਕਨੇਡਾ : | ਹਵਾਈ ਡਾਕ | ੩੦੦.੦੦ ,, |
| | ਸਮੁੰਦਰੀ ਡਾਕ | ੮੦.੦੦ ,, |

Sri Satguru Jagjit Singh Ji eLibrary NamdhariElibrary@gmail.com

# ਪੰਚਮ ਪਾਤਸ਼ਾਹ ਦੀ ਸ਼ਹਾਦਤ ਅਤੇ ਬਾਦਸ਼ਾਹ ਜਹਾਂਗੀਰ

—ਦੇਵਿੰਦਰ ਸਿੰਘ ਗਿਲ—

ਪੰਚਮ ਪਾਤਸ਼ਾਹ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ, ਸਿਖ ਇਤਿਹਾਸ ਵਿਚ ਇਕ ਅਹਿਮ ਮੋੜ ਸਿਧ ਹੋਈ, ਇਹ ਇਕ ਅਜਿਹੀ ਘਟਨਾ ਸੀ ਜਿਸ ਨੇ ਸਿਖ ਇਤਿਹਾਸ ਦੇ ਵਹਿਣ ਨੂੰ ਨਵਾਂ ਰੂਪ ਦਿਤਾ । ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਪਹਿਲਾਂ ਸਿਖ ਧਰਮ ਸਿਰਫ ਸੁਧਾਰਕ ਧਰਮ ਤੇ ਸੰਤ ਮਤ ਵਾਲਿਆਂ ਦਾ ਧਰਮ ਸੀ ਪਰ ਉਸ ਸ਼ਹਾਦਤ ਨੇ ਸਿਖ ਨੂੰ ਸਿਪਾਹੀ ਵਾਲੀ ਗੁੜ੍ਹਤੀ ਦਿਤੀ । ਸ੍ਰੀ ਗੁਰੂ ਹਰਿ ਗੋਬਿੰਦ ਜੀ ਨੇ ਦੋ ਤਲਵਾਰਾਂ ਮੀਰੀ ਤੇ ਪੀਰੀ ਦੀਆਂ ਧਾਰਨ ਕੀਤੀਆਂ ਅਤੇ ਫਿਰ ਸ੍ਰੀ ਹਰਿਮੰਦਰ ਸਾਹਿਬ ਦੇ ਬਿਲਕੁਲ ਸਾਹਮਣੇ ਸ੍ਰੀ ਅਕਾਲ ਤਖਤ ਸਾਹਿਬ ਦੀ ਰਚਨਾ ਕਰਕੇ ਭਗਤੀ ਤੇ ਸ਼ਕਤੀ ਦਾ ਸੁਮੇਲ ਕਰ ਦਿਤਾ । ਮੀਰੀ ਨੂੰ ਪੀਰੀ ਦੇ ਅਧੀਨ ਕਰ ਦਿਤਾ ਤੇ ਮੀਰੀ, ਪੀਰੀ ਦੀ ਪਹਿਰੇਦਾਰ ਸਿਧ ਹੋਈ । ਇਸ ਦੇ ਸਹਾਰੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜ਼ਾਲਮ ਮੁਗਲ ਹਕੂਮਤ ਨਾਲ ਟਕਰ ਲਈ ਤੇ ਧਰਮ ਦੀ ਰਾਖੀ ਕੀਤੀ । ਉਸ ਧਰਮ ਦੀ ਖ਼ਾਤਰ ਅਰਥਾਤ ਪੀਰੀ ਦਾ ਰੁਤਬਾ ਉਚਾ ਕਰਨ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦਿਲੀ ਜਾਕੇ ਆਪਣਾ ਸੀਸ ਕਲਮ ਕਰਵਾਇਆ ਸੀ, ਫਿਰ ਨਤੀਜੇ ਵਜੋਂ ਪੀਰੀ ਦੀ ਰਖਿਆ ਲਈ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਸਿਖ ਨੂੰ ਸੰਤ ਸਿਪਾਹੀ ਦਾ ਨਿਵੇਕਲਾ ਰੂਪ ਦਿਤਾ ਸੀ ।

ਪੰਚਮ ਪਾਤਸ਼ਾਹ ਜੀ ਦੀ ਸ਼ਹਾਦਤ ਦੇ ਕੀ ਕਾਰਨ ਸਨ ? ਇਸ ਘਟਨਾ ਬਾਰੇ ਵਖ ਵਖ ਇਤਿਹਾਸਕਾਰਾਂ ਦੇ ਭਿੰਨ ਭਿੰਨ ਵਿਚਾਰ ਹਨ । ਕੁਝ ਸਮਾਂ ਪਹਿਲਾਂ ਦੀਵਾਨ ਚੰਦੂ ਨੂੰ ਗੁਰੂ ਜੀ ਦੀ ਸ਼ਹਾਦਤ ਲਈ ਜ਼ੁਮੇਵਾਰ ਗਿਣਿਆ ਜਾਂਦਾ ਰਿਹਾ ਸੀ ਪਰ ਹੁਣ ਇਹ ਖਿਆਲ ਰੱਦ ਹੋ ਚੁਕਾ ਹੈ । ਇਹ ਖਿਆਲ ਬਾਦਸ਼ਾਹ ਜਹਾਂਗੀਰ ਦੀ ਆਪਣੀ ਸਵੈ-ਜੀਵਨੀ "ਤੁਜ਼ਕਿ ਜਹਾਂਗੀਰੀ" ਦੀ ਲਿਖਤ ਨਾਲ ਰੱਦ ਹੋ ਜਾਂਦਾ ਹੈ ਕਿਉਂਕਿ ਉਸ ਵਿਚ ਚੰਦੂ ਦਾ ਨਾਮ ਬਿਲਕੁਲ ਨਹੀਂ ਆਇਆ । ਇਸ ਲਿਖਤ ਬਾਰੇ ਪਹਿਲਾਂ ਸਰਦਾਰ ਜੀ. ਬੀ. ਸਿੰਘ ਨੇ ਸਿਖ ਪੰਥ ਨੂੰ ਦੱਸ ਪਾਈ ਸੀ ਪਰੰਤੂ ਸਭ ਤੋਂ ਪਹਿਲਾਂ ਡਾਕਟਰ ਗੰਡਾ ਸਿੰਘ ਜੀ ਨੇ ਮਈ ੧੯੩੧ (ਵਿਸਾਖ-ਜੇਠ ਬਿਕਰਮੀ ੧੯੮੮) ਵਿਚ ਲਾਹੌਰ ਤੋਂ ਪ੍ਰਕਾਸ਼ਤ ਹੋ ਰਹੇ ਰਸਾਲੇ "ਫੁਲਵਾੜੀ" ਵਿਚ "ਤੁਜ਼ਕਿ ਜਹਾਂਗੀਰੀ" ਦਾ ਉਹ ਹਿਸਾ ਪੰਜਾਬੀ ਵਿਚ ਤਰਜਮਾ ਕਰਵਾਕੇ ਪ੍ਰਕਾਸ਼ਤ ਕੀਤਾ ਜਿਸ ਵਿਚ ਪੰਚਮ ਪਾਤਸ਼ਾਹ ਦੀ ਸ਼ਹਾਦਤ ਦਾ ਜ਼ਿਕਰ ਆਉਂਦਾ ਹੈ । ਉਸ ਅੰਕ ਵਿਚ ਦਰਜ ਅਸਲ ਇਬਾਰਤ ਇਸ ਪ੍ਰਕਾਰ ਹੈ :—

"ਕਤਲ ਹੋਣਾ ਅਰਜਨ ਨਾਮ ਗੁਰੂ ਦਾ"

ਗੋਇੰਦਵਾਲ ਵਿਚ ਜੋ ਕਿ ਬਿਆਹ (ਬਿਆਸਾ) ਦਰਿਆ ਦੇ ਕੰਢੇ ਤੇ ਹੈ, ਪੀਰਾਂ ਬਜ਼ੁਰਗਾਂ ਦੇ ਭੇਸ ਵਿਚ ਅਰਜਨ ਨਾਮ ਦਾ ਇਕ ਹਿੰਦੂ ਸੀ । ਬਹੁਤ ਸਾਰੇ ਭੋਲੇ ਭਾਲੇ ਹਿੰਦੂ ਬਲਕਿ ਬੇਸਮਝ ਤੇ ਮੂਰਖ ਮੁਸਲਮਾਨਾਂ ਨੂੰ ਆਪਣੇ ਤਰੀਕਿਆਂ (ਧਾਰਮਿਕ ਰਹਿਤ ਬਹਿਤ) ਦਾ ਸਿਦਕੀ ਬਣਾਕੇ ਅਪਣੀ ਬਜ਼ੁਰਗੀ ਤੇ ਈਸ਼ਵਰ ਨਾਲ ਨਜ਼ਦੀਕੀ ਦਾ ਢੋਲ ਬਹੁਤ ਉਚਾ ਵਜਾਇਆ ਹੋਇਆ ਸੀ (ਬਹੁਤ ਮਸ਼ਹੂਰੀ ਪ੍ਰਾਪਤ ਕੀਤੀ ਹੋਈ ਸੀ) । ਲੋਕ ਉਸ ਨੂੰ ਗੁਰੂ ਕਹਿੰਦੇ ਸਨ । ਸਾਰਿਆਂ ਪਾਇਆਂ ਤੋਂ ਫਰੇਬੀ ਤੇ ਫਰੇਬ ਦੇ ਪੁਜਾਰੀ ਉਸ ਪਾਸ ਆ ਕੇ ਉਸ (ਗੁਰੂ ਜੀ) ਉਤੇ ਪੂਰਾ ਪੂਰਾ ਇਤਕਾਦ (ਸਿਦਕ, ਭਰੋਸਾ) ਜ਼ਾਹਿਰ ਕਰਦੇ ਸੀ । ਤਿੰਨ ਚਾਰ ਪੀੜ੍ਹੀਆਂ ਤੋਂ ਉਹਨਾਂ ਦੀ ਇਹ ਦੁਕਾਨ ਗਰਮ ਸੀ । ਕਈ ਚਿਰ ਤੋਂ ਮੇਰੇ ਦਿਲ ਵਿਚ ਇਹ ਖਿਆਲ ਆਉਂਦਾ ਸੀ ਕਿ ਇਸ ਝੂਠ ਦੇ ਵਪਾਰ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਉਸ (ਗੁਰੂ) ਨੂੰ ਮੁਸਲਮਾਨਾਂ ਦੇ ਮਤ ਵਿਚ ਲਿਆਉਣਾ ਚਾਹੀਦਾ ਹੈ ਕਿ ਇਨ੍ਹਾਂ ਦਿਨਾਂ ਵਿਚ ਹੀ ਖ਼ੁਸਰੋ ਇਥੋਂ ਦੀ ਦਰਿਆ ਪਾਰ ਹੋਇਆ । ਇਸ ਹਕੀਰ ਆਦਮੀ ਨੇ ਇਰਾਦਾ ਕੀਤਾ ਕਿ ਸਦਾ ਉਸ ਦੇ ਨਜ਼ਦੀਕ ਰਵੇ ਉਸ ਥਾਂ ਤੇ ਜਿਥੇ ਕਿ ਉਸ ਦੇ ਰਹਿਣ ਦੀ ਥਾਂ ਸੀ, ਖ਼ੁਸਰੋ ਨੇ ਪੜਾਉ ਕੀਤਾ । ਉਸ ਨੂੰ ਮਿਲਿਆ ਤੇ ਕਈ ਪਹਿਲੇ ਮਿਥੀਆਂ ਹੋਈਆਂ ਗਲਾਂ ਉਸ ਨੂੰ ਸੁਣਾਈਆਂ ਅਤੇ ਕੇਸਰ ਨਾਲ ਇਕ ਉਂਗਲੀ (ਲਾਲ ਲਕੀਰ) ਉਸ ਦੇ ਮੱਥੇ ਤੇ ਖਿੱਚੀ ਜਿਸ ਨੂੰ ਕਿ ਹਿੰਦੂ ਤਿਲਕ ਕਹਿੰਦੇ ਤੇ ਚੰਗਾ ਸ਼ਗਨ ਜਾਣਦੇ ਹਨ।ਜਦ ਇਹ ਗਲ ਮੇਰੇ ਕੰਨੀ ਪਈ,ਅਗੇ ਹੀ ਇਨ੍ਹਾਂ ਦੇ ਝੂਠ ਨੂੰ ਮੈਂ ਚੰਗੀ ਤੇ ਪੂਰੀ ਤਰ੍ਹਾਂ ਜਾਣਦਾ ਸੀ, ਮੈਂ ਹੁਕਮ ਦਿਤਾ ਕਿ ਉਸ (ਗੁਰੂ ਅਰਜਨ ਸਾਹਿਬ) ਨੂੰ ਹਾਜ਼ਰ ਕਰਨ ਤੇ ਉਸ ਦੇ ਘਰ ਘਾਟ ਤੇ ਬਚਿਆਂ ਨੂੰ ਮੁਰਤਜ਼ਾਖਾਨ ਨੂੰ ਬਖਸ਼ ਦਿਤਾ ਕਿ ਉਸ ਨੂੰ ਡਰੋਣ, ਮਾਰਨ, ਸਜ਼ਾ ਦੇਣ ਅਤੇ ਤਸੀਹੇ ਦੇ ਕੇ ਕਤਲ ਕਰਨ ਅਤੇ ਦੂਜਿਆਂ ਦੇ ਬਾਬਤ ਜਿਹਨਾਂ ਦਾ ਨਾਮ ਰਾਜੂ ਤੇ ਅੰਬਾ ਸੀ ਤੇ ਜਿਹਨਾਂ ਨੇ ਖਵਾਜਾ ਸਰ ਦੌਲਤ ਖਾਨ ਦੀ ਸਹਾਇਤਾ ਦੀ ਆੜ ਵਿਚ ਬਹੁਤ ਜ਼ੁਲਮ ਤੇ ਅਤਿਆਚਾਰ ਕੀਤੇ ਸਨ ਤੇ ਜਦ ਖ਼ੁਸਰੋ ਲਾਹੌਰ ਦੇ ਨਜ਼ਦੀਕ ਸੀ ਤਾਂ (ਇਹਨਾਂ) ਬਹੁਤ ਹਥ ਪੈਰ ਮਾਰੇ ਤੇ ਬੇਅਦਬੀਆਂ (ਮਾਰਾਂ ਧਾੜਾਂ) ਕੀਤੀਆਂ ਸਨ, ਮੈਂ ਹੁਕਮ ਦਿਤਾ ਕਿ ਰਾਜੂ ਨੂੰ ਤਾਂ ਫਾਂਸੀ ਦੇ ਦੇਣ ਤੇ ਅੰਬਾਂ ਤੋਂ ਜੋ ਧਨਾਢ ਕਰਕੇ ਮਸ਼ਹੂਰ ਸੀ, ਜੁਰਮਾਨਾ ਲੈਣ । ਇਕ ਲੱਖ ਪੰਦਰਾਂ ਹਜ਼ਾਰ



Sri Satguru Jagjit Singh Ji eLibrary NamdhariElibrary@gmail.com

ਰੁਪਿਆ ਉਸ ਪਾਸੋਂ ਵਸੂਲ ਹੋਇਆ। ਉਹਨਾਂ ਬਾਬਤ ਮੈਂ ਹੁਕਮ ਕੀਤਾ ਕਿ ਉਹ ਤੋਪਖਾਨੇ ਤੇ ਖੈਰਾਤ (ਦਾਨ) ਦੇ ਕੰਮਾਂ ਵਿਚ ਖਰਚ ਕੀਤੇ ਜਾਣ।"

ਇਹ ਜਹਾਂਗੀਰ ਬਾਦਸ਼ਾਹ ਦੀ ਸਵੈ-ਜੀਵਨੀ "ਤੁਜ਼ਕਿ ਜਹਾਂਗੀਰੀ" ਦਾ ਉਹ ਹਿਸਾ ਹੈ ਜਿਸ ਵਿਚ ਬਾਦਸ਼ਾਹ ਨੇ ਗੁਰੂ ਜੀ ਦੀ ਸ਼ਹਾਦਤ ਬਾਰੇ ਜ਼ਿਕਰ ਕੀਤਾ ਹੈ। ਇਹ ਲਿਖਤ ਉਪਰੋਕਤ ਇਬਾਰਤ ਤੋਂ ਜਾਪਦੀ ਹੈ ਕਿ ਗੁਰੂ ਜੀ ਦੀ ਸ਼ਹਾਦਤ ਤੋਂ ਕਾਫੀ ਸਮੇਂ ਬਾਅਦ ਉਸ ਨੇ ਲਿਖੀ ਸੀ, ਕਿਉਂਕਿ ਉਹ ਇਸ ਦੇ ਸ਼ੁਰੂ ਵਿਚ ਲਿਖਦਾ ਹੈ, "......ਪੀਰਾਂ ਬਜ਼ੁਰਗਾਂ ਦੇ ਭੇਸ ਵਿਚ ਅਰਜਨ ਨਾਮ ਇਕ ਹਿੰਦੂ ਸੀ।" ਜੇਕਰ ਉਹ ਉਸ ਸਮੇਂ ਹੀ ਇਹ ਨੋਟ ਤਿਆਰ ਕਰਦਾ ਤਾਂ ਉਹ ਇਸ ਨੂੰ ਵਰਤਮਾਨ ਕਾਲ ਵਿਚ "ਹੈ" ਸ਼ਬਦ ਵਰਤਕੇ ਤਿਆਰ ਕਰਦਾ।

ਉਪਰੋਕਤ ਲਿਖਤ ਤੋਂ ਇਹ ਵੀ ਪ੍ਰਤਖ ਹੈ ਕਿ ਬਾਦਸ਼ਾਹ ਨਾ ਤਾਂ ਗੁਰੂ ਘਰ ਦੀ ਪਰੰਪਰਾ ਤੋਂ ਜਾਣੂ ਸੀ ਅਤੇ ਨਾ ਹੀ ਗੁਰੂ ਜੀ ਦੁਆਰਾ ਖੁਸਰੋ ਨੂੰ ਕੀਤੀ ਮਦਦ ਜਾਂ ਇਮਦਾਦ ਤੇ ਤਿਲਕ ਦੀ ਰਸਮ ਬਾਰੇ ਚੰਗੀ ਤਰ੍ਹਾਂ ਪਤਾ ਸੀ, ਬਾਦਸ਼ਾਹ ਨੇ ਇਹ ਸਭ ਸੁਣੀ ਸੁਣਾਈ ਗਲ ਲਿਖ ਦਿਤੀ।

ਬਾਦਸ਼ਾਹ ਜਹਾਂਗੀਰ ਦੇ ਆਪਣੇ ਪਿਤਾ ਅਕਬਰ ਨਾਲ ਸੰਬੰਧ ਚੰਗੇ ਨਹੀਂ ਸਨ ਤੇ ਉਹਨਾਂ ਦੇ ਸੁਭਾਅ ਵਿਚ ਜ਼ਮੀਨ-ਅਸਮਾਨ ਦਾ ਅੰਤਰ ਸੀ। ਅਕਬਰ ਬਾਦਸ਼ਾਹ ਹਰ ਧਰਮ ਦਾ ਆਦਰ ਕਰਨ ਵਾਲਾ ਤੇ ਖਾਸ ਕਰਕੇ ਗੁਰੂ ਸਾਹਿਬਾਨ ਦੀ ਇਜ਼ਤ ਕਰਦਾ ਸੀ। ਉਹ ਕਈ ਵਾਰ ਗੁਰ-ਦਰਬਾਰ ਵਿਚ ਹਾਜ਼ਰੀ ਵੀ ਭਰਦਾ ਰਿਹਾ ਤੇ ਫਿਰ ਧਾਰਮਿਕ ਵਲਗਣ 'ਚੋਂ ਨਿਕਲਕੇ ਉਸ ਨੇ ਇਕ ਨਵੇਂ ਧਰਮ "ਦੀਨੇ-ਇਲਾਹੀ" ਦੀ ਸਥਾਪਨਾ ਕੀਤੀ। ਉਸ ਦਾ ਇਹ ਕਾਰਜ ਸ਼ਰਈ ਮੁਸਲਮਾਨਾਂ ਨੂੰ ਪਸੰਦ ਨਹੀਂ ਸੀ, ਉਹ ਹਰ ਹਾਲਤ ਵਿਚ ਅਕਬਰ ਬਾਦਸ਼ਾਹ ਦਾ ਅੰਤ ਹੋਇਆ ਵੇਖਣਾ ਚਾਹੁੰਦੇ ਸਨ।

ਉਸ ਸਮੇਂ ਸ਼ੇਖ਼ ਅਹਿਮਦ ਸਰਹੰਦੀ, ਕਟੜ ਸ਼ਰਈ ਮੁਸਲਮਾਨਾਂ ਦਾ ਆਗੂ ਸੀ ਜਿਸ ਬਾਰੇ ਮੈਂ ਵੇਰਵੇ ਸਹਿਤ ਗਲ ਆਪਣੇ ਲੇਖ "ਪੰਚਮ ਪਾਤਸ਼ਾਹ ਜੀ ਦੀ ਸ਼ਹਾਦਤ ਦਾ ਜ਼ੁਮੇਵਾਰ ਕੌਣ ?" ਵਿਚ ਲਿਖ ਚੁਕਾ ਹਾਂ। ਉਸ ਨੇ ਸਹਿਜ਼ਾਦਾ ਸਲੀਮ (ਜਹਾਂਗੀਰ) ਨੂੰ ਅਹਿਲਕਾਰ ਮੁਰਤਜ਼ਾਖਾਨ ਦੁਆਰਾ ਆਪਣੇ ਹਥਾਂ ਵਿਚ ਲਿਆ। ਉਸ ਸਮੇਂ ਸ਼ਹਿਜ਼ਾਦਾ ਸਲੀਮ ਵੀ ਗਦੀ ਹਥਿਆਉਣ ਲਈ ਕੋਈ ਆਸਰਾ ਭਾਲ ਰਿਹਾ ਸੀ ਕਿਉਂਕਿ ਉਸ ਨੂੰ ਡਰ ਸੀ ਕਿ ਹੋ ਸਕਦਾ ਹੈ ਕਿ ਬਾਦਸ਼ਾਹ ਅਕਬਰ ਭਾਰਤ ਦਾ ਰਾਜ ਤਖਤ ਆਪਣੇ ਹਮ-ਖਿਆਲ ਪੋਤਰੇ ਖੁਸਰੋ ਨੂੰ ਦੇ ਦੇਵੇਗਾ। ਸ਼ਹਿਜ਼ਾਦਾ ਸਲੀਮ ਨੇ ਆਪਣੇ ਮੰਤਵ ਦੀ ਪੂਰਤੀ ਲਈ ਅਕਬਰ ਦੇ ਖਿਲਾਫ ਬਗਾਵਤ ਵੀ ਕੀਤੀ ਅਤੇ ਉਸ ਨੂੰ ਜ਼ਹਿਰ ਵੀ ਦਿਤਾ ਪਰ ਉਹ ਆਪਣੇ ਮੰਤਵ ਵਿਚ ਅਸਫਲ ਰਿਹਾ। ਅਖੀਰ ਬਾਦਸ਼ਾਹ ਜਹਾਂਗੀਰ ਨੂੰ ਅਕਬਰ ਦੀ ਮਿਰਤੂ ਤੋਂ ਬਾਅਦ ਤਖਤ ਮਿਲ ਹੀ ਗਿਆ। ਸ਼ੇਖ ਅਹਿਮਦ ਸਰਹੰਦੀ ਨੇ ਅਕਬਰ ਦੀ ਮੌਤ ਤੇ ਬਹੁਤ ਖੁਸ਼ੀ ਮਨਾਈ ਜੋ ਉਸ ਦੀ ਲਿਖਤ, ਚਿਠੀ ਤੋਂ ਸਾਬਤ ਹੁੰਦੀ ਹੈ ਜੋ ਉਸ ਨੇ ਮੁਰਤਜ਼ਾ ਖਾਨ ਨੂੰ ਲਿਖੀ ਸੀ।

ਠੀਕ ਉਸ ਸਮੇਂ ਸ਼ਹਿਜ਼ਾਦਾ ਖੁਸਰੋ ਨੇ ਆਪਣੇ ਪਿਤਾ ਦੇ ਖਿਲਾਫ ਬਗਾਵਤ ਕਰ ਦਿਤੀ ਅਤੇ ਆਗਰੇ ਤੋਂ ਪੰਜਾਬ ਵਲ ਚਲ ਪਿਆ। ਉਸ ਦੇ ਪਿਛੇ ਉਸ ਨੂੰ ਪਕੜਨ ਲਈ ਜਹਾਂਗੀਰ ਦੇ ਹੁਕਮ ਨਾਲ ਮੁਰਤਜ਼ਾ ਖਾਨ ਆ ਰਿਹਾ ਸੀ। ਸ਼ਹਿਜ਼ਾਦਾ ਖੁਸਰੋ ਦਰਿਆ ਬਿਆਸ ਪਾਰ ਕਰਨ ਸਮੇਂ ਸ਼ਾਇਦ ਗੁਰੂ ਜੀ ਕੋਲ ਆਇਆ ਹੋਵੇ ਪਰ ਉਹ ਛੇਤੀ ਹੀ ਅਗੇ ਨਿਕਲ ਗਿਆ। ਬਾਦਸ਼ਾਹ ਜਹਾਂਗੀਰ ਵੀ ਪਿੱਛਾ ਕਰਦਾ ਹੋਇਆ ਆ ਰਿਹਾ ਸੀ ਅਤੇ ਰਸਤੇ ਵਿਚ ਜਿਸ ਨੇ ਵੀ ਖੁਸਰੋ ਦੀ ਮਦਦ ਕੀਤੀ ਸੀ, ਉਹ ਸਖਤ ਸਜ਼ਾਵਾਂ ਦਿੰਦਾ ਆ ਰਿਹਾ ਸੀ ਪਰ ਉਸ ਸਮੇਂ ਤਕ ਕਿਸੇ ਨੇ ਵੀ ਗੁਰੂ ਜੀ ਬਾਰੇ ਚੁਗਲੀ ਨਾ ਕੀਤੀ। ਉਧਰ ਖੁਸਰੋ ਨੂੰ ਚਨਾਬ ਦਰਿਆ ਪਾਰ ਕਰਦੇ ਸਮੇਂ ਮੁਰਤਜ਼ਾ ਖਾਨ ਨੇ ਪਕੜ ਲਿਆ ਤੇ ਉਸ ਨੂੰ ਲਾਹੌਰ ਲਿਆਂਦਾ ਗਿਆ। ਉਸ ਸਮੇਂ ਜਹਾਂਗੀਰ ਵੀ ਲਾਹੌਰ ਪਹੁੰਚ ਚੁਕਾ ਸੀ। ਉਸ ਨੇ ਖੁਸਰੋ ਦੇ ਨਜ਼ਦੀਕੀ ਸਾਥੀਆਂ ਨੂੰ ਕਰੜੀਆਂ ਸਜ਼ਾਵਾਂ ਦਿਤੀਆਂ ਜਿਵੇਂ ਕਿ ਹਸਨ ਬੇਗ ਤੇ ਅਬਦੁਲ ਰਹੀਮ ਨੂੰ ਖੋਤੇ, ਗਊ ਤੇ ਕੁਤਿਆਂ ਦੀ ਖੱਲ ਵਿਚ ਮੜ੍ਹ ਕੇ ਸ਼ਰੇਆਮ ਬਜ਼ਾਰਾਂ ਵਿਚ ਘੁਮਾਇਆ ਗਿਆ ਤੇ ਤਸੀਹੇ ਦੇ ਕੇ ਮਾਰਿਆ ਗਿਆ ਪਰੰਤੂ ਉਸ ਸਮੇਂ ਕਿਸੇ ਨੇ ਵੀ ਗੁਰੂ ਜੀ ਵਲ ਉਂਗਲੀ ਨਾ ਉਠਾਈ।

ਸ਼ੇਖ ਅਹਿਮਦ ਸਰਹੰਦੀ ਜੋ ਕਿ ਪੰਚਮ ਪਾਤਸ਼ਾਹ ਜੀ ਨੂੰ, ਇਸਲਾਮ ਧਰਮ ਦੇ ਪ੍ਰਚਾਰ ਤੇ ਫੈਲਾਅ ਵਿਚ ਰੋੜਾ ਸਮਝਦਾ ਸੀ, ਖਤਮ ਕਰਨਾ ਚਾਹੁੰਦਾ ਸੀ। ਉਸ ਨੇ ਆਪਣੇ ਸੇਵਕ ਮੁਰਤਜ਼ਾ ਖਾਨ ਜੋ ਬਾਅਦ ਵਿਚ ਲਾਹੌਰ ਦਾ ਸੂਬੇਦਾਰ ਬਣਿਆ ਦੇ ਰਾਹੀਂ ਗੁਰੂ ਜੀ ਵਿਰੁਧ ਸ਼ਿਕਾਇਤਨਾਮਾ ਤਿਆਰ ਕੀਤਾ ਤੇ ਦੋਸ਼ ਇਹ ਲਾਇਆ ਕਿ ਗੁਰੂ ਜੀ ਨੇ ਖੁਸਰੋ ਦੀ ਮਦਦ ਕੀਤੀ ਹੈ। ਉਸ ਸਮੇਂ ਜਹਾਂਗੀਰ ਅਜੇ ਤਾਈਂ ਤਖਤ ਸੰਭਾਲਣ ਦੇ ਵਿਰੋਧੀਆਂ ਨੂੰ ਦਬਾਉਣ ਵਿਚ ਲਗਿਆ ਹੋਇਆ ਸੀ ਤੇ ਦੂਜਾ ਉਹ ਅਪਣੇ ਮਦਦਗੀਰਾਂ ਨੂੰ ਵੀ ਪ੍ਰਸੰਨ ਕਰਨਾ ਚਾਹੁੰਦਾ ਸੀ।

ਇਸ ਲਈ ਉਸ ਨੇ ਬਿਨਾਂ ਕਿਸੇ ਤਫਤੀਸ਼ ਦੇ ਗੁਰੂ ਜੀ ਨੂੰ ਡਰੌਣ ਤੇ ਤਸੀਹੇ ਦੇ ਕੇ ਸ਼ਹੀਦ ਕਰਨ ਲਈ ਮੁਰਤਜ਼ਾ ਖਾਨ ਦੇ ਹਵਾਲੇ ਕਰ ਦਿਤਾ ਤੇ ਆਪ ਕਸ਼ਮੀਰ ਵਲ ਚਲਾ ਗਿਆ। ਮੁਰਤਜ਼ਾ ਖਾਨ ਨੇ ਗੁਰੂ ਜੀ ਨੂੰ ਉਬਲਦੀ ਦੇਗ ਵਿਚ



Sri Satguru Jagjit Singh Ji eLibrary NamdhariElibrary@gmail.com

ਬਿਠਾਇਆ ਤੇ ਜਦ ਸਰੀਰ ਛਾਲਿਆਂ ਨਾਲ ਭਰ ਗਿਆ ਤਾਂ ਫਿਰ ਤੱਤੀ ਤਵੀ ਤੇ ਬਿਠਾ ਕੇ ਸੀਸ ਉਪਰ ਤੱਤੀ, ਗਰਮ ਰੇਤ ਦੇ ਕੜਛੇ ਪਾਏ ਗਏ ਤੇ ਜਦ ਆਪ ਜੀ ਦਾ ਸਰੀਰ ਅਧਮੋਇਆ ਹੋ ਗਿਆ ਤਾਂ ਆਪ ਜੀ ਨੂੰ ਰਾਵੀ ਦਰਿਆ ਦੇ ਕਿਨਾਰੇ ਲਿਜਾਇਆ ਗਿਆ ਜਿਥੇ ਆਪ ਜੀ ਭਿਆਨਕ ਤਸੀਹੇ ਸਹਾਰਦਿਆਂ ਹੋਇਆਂ ਸ਼ਹੀਦ ਹੋ ਗਏ ।

ਜਹਾਂਗੀਰ ਬਾਦਸ਼ਾਹ ਦੀ ਲਿਖਤ ਮਜ਼ਹਬੀ ਤੁਅਸਬ ਨਾਲ ਭਰੀ ਹੋਈ ਹੈ, ਉਹ ਗੁਰੂ ਜੀ ਦੀ ਲੋਕ ਪ੍ਰਿਯਤਾ ਨੂੰ ਬਰਦਾਸ਼ਤ ਨਹੀਂ ਕਰ ਸਕਦਾ । ਉਸ ਦੀ ਲਿਖਤ ਤੋਂ ਸਿਖ ਧਰਮ ਦੀ ਲੋਕ ਪ੍ਰਿਯਤਾ ਦੀ ਝਲਕ ਵੀ ਸਾਫ ਪ੍ਰਗਟ ਹੁੰਦੀ ਹੈ, ਉਸ ਨੂੰ ਭਾਸ ਰਿਹਾ ਹੈ ਕਿ ਕਿਤੇ ਗੁਰੂ ਜੀ ਦਾ ਧਰਮ ਪ੍ਰਚਾਰ, ਇਸਲਾਮ ਧਰਮ ਨੂੰ ਖਤਮ ਨਾ ਕਰ ਦੇਵੇ ਪਰੰਤੂ ਉਹ ਸਿਖ ਧਰਮ ਦੇ ਰੀਤੀ ਰਿਵਾਜਾਂ ਤੋਂ ਪੂਰੀ ਤਰ੍ਹਾਂ ਅਣਜਾਣ ਸੀ। ਉਹ ਲਿਖਦਾ ਹੈ ਕਿ ਗੁਰੂ ਜੀ ਨੇ ਖੁਸਰੋ ਦੇ ਮੱਥੇ ਤੇ ਕੇਸਰ ਦਾ ਤਿਲਕ ਲਗਾਇਆ ਪਰ ਇਹ ਇਤਿਹਾਸਕ ਪੱਖ ਤੋਂ ਦਰੁਸਤ ਨਹੀਂ ਹੈ । ਕੇਸਰ ਦਾ ਤਿਲਕ ਲਗਾਉਣ ਦੀ ਰਸਮ ਸਿਰਫ ਹਿੰਦੂਆਂ ਵਿਚ ਹੀ ਪ੍ਰਚਲਤ ਹੈ, ਸਿਖਾਂ ਵਿਚ ਨਹੀਂ ।

ਜਹਾਂਗੀਰ ਬਾਦਸ਼ਾਹ ਤਾਂ ਬਹਾਨਾ ਚਾਹੁੰਦਾ ਸੀ, ਸੋ ਗੁਰੂ ਜੀ ਨੂੰ ਖਤਮ ਕਰਨ ਲਈ ਉਸ ਨੂੰ ਖੁਸਰੋ ਦੀ ਬਗਾਵਤ ਵਿਚ ਉਸ ਦੀ ਕੀਤੀ ਮਦਦ ਦਾ ਬਹਾਨਾ ਲਭ ਗਿਆ । ਦੂਜਾ, ਉਹ ਉਸ ਸਮੇਂ ਸ਼ੇਖ ਅਹਿਮਦ ਸਰਹੰਦੀ ਜਿਹੇ ਕਟੜ ਮੁਸਲਮਾਨਾਂ ਦੇ ਸਿਖੇ ਸਿਖਾਏ ਅਤੇ ਇਸਲਾਮ ਧਰਮ ਦੀ ਬੇਹਤਰੀ ਲਈ ਗੁਰੂ ਜੀ ਨੂੰ ਸ਼ਹੀਦ ਕਰਨਾ ਸਵਾਬ ਸਮਝਦਾ ਸੀ । ਉਸ ਨੇ ਬਿਨਾਂ ਕਿਸੇ ਤਫਤੀਸ਼ ਦੇ ਗੁਰੂ ਜੀ ਨੂੰ ਸ਼ਹੀਦ ਕਰਨ ਦਾ ਹੁਕਮ ਦੇ ਦਿਤਾ । ਗੁਰੂ ਜੀ ਦੇ ਸ਼ਹੀਦ ਹੋਣ ਤੋਂ ਬਾਅਦ ਸ਼ੇਖ ਅਹਿਮਦ ਸਰਹੰਦੀ ਫੁਲਿਆ ਨਹੀਂ ਸੀ ਸਮਾਉਂਦਾ ਤੇ ਉਸ ਨੇ ਇਸ ਖੁਸ਼ੀ ਦਾ ਇਜ਼ਹਾਰ ਆਪਣੀ ਇਕ ਚਿਠੀ ਵਿਚ ਕੀਤਾ ਹੈ ਜੋ ਇਕ ਪਤ੍ਰਿਕਾ ਸੰਗ੍ਰਹਿ ''ਮਕਤੂਬਾਤਿ-ਇਮਾਮ-ਰਬਾਨੀ'' ਦਾ ਹਿਸਾ ਬਣ ਗਈ ਹੈ । ਬਾਦਸ਼ਾਹ ਜਹਾਂਗੀਰ, ਇਸ ਸ਼ਹਾਦਤ ਲਈ ਪੂਰੀ ਤਰ੍ਹਾਂ ਦੋਸ਼ੀ ਸਿਧ ਹੁੰਦਾ ਹੈ ਜਿਸ ਨੇ ਗੁਰੂ ਜੀ ਦੇ ਖਿਲਾਫ ਖੁਸਰੋ ਦੀ ਮਦਦ ਦੇ ਦੋਸ਼ ਦੀ ਜਾਂਚ ਪੜਤਾਲ ਨਹੀਂ ਕੀਤੀ ਅਤੇ ਗੁਰੂ ਜੀ ਨੂੰ ਨਿਰਦੋਸ਼ ਹੀ ਸ਼ਹੀਦ ਕਰ ਦਿਤਾ ।

ਦੇਵਿੰਦਰ ਸਿੰਘ ਗਿਲ
ਪਿੰਡ : ਜੀਆ ਨੱਥਾ, ਡਾ: ਖਾ: ਖੁੜਾ
ਜ਼ਿਲਾ : ਹੁਸ਼ਿਆਰਪੁਰ

REPUTED MANUFACTURER OF :

SUPERIOR QUALITY

SINGLE BARREL &

DOUBLE BARREL

B. L. 12 BORE

GUNS

Grams : SNIPER  Phone : 3803

MODERN GUN WORKS

Opp. Industrial Estate,
JAMMU CANTT.



Sri Satguru Jagjit Singh Ji eLibrary  NamdhariElibrary@gmail.com

https://archive.org/details/namdhari

ਪਾਕਿਸਤਾਨੀ ਉਰਦੂ ਨਜ਼ਮ

## ਨਾਗ ਦੇਵਤਾ

—ਅਸਹਰ ਅਲੀ ਸ਼ਾਹ

ਪੰਜਾਬੀ ਰੂਪ : ਰਣਧੀਰ ਸਿੰਘ ਬੇਦੀ

ਦੇਗ-ਨਾਗ ਦੀ ਜੈ ਬੋਲ
ਨਾਗ ਦੇਵਤਾ ਦੀ ਜੈ
ਜੈ ਸਰੰਗ ਸੋਨੇ ਦੀ
ਜੈ ਸਰੂਪ ਰੂਪਾ ਦੀ
ਸ਼ਬਦ ਜਿਓਤੀ ਦੀ ਜੈ
ਸਸਤੀ ਕੀਰਤੀ ਦੀ ਜੈ
ਦਾਸ ਦਾਸ ਦਾ ਪਰਨਾਮ
ਧਨ ਦਿਆਲ ਮਾਤਾ ਨੂੰ
ਲਕਸ਼ਮੀ ਦੀ ਕਿਰਪਾ ਨਾਲ
ਇਸ ਕਥਾ ਨਗਰ ਵਿਚ ਵੀ
ਸਪ, ਕੁਝ ਸਪੂਤ ਉਸਦੇ
ਧਨ ਦੀਆਂ ਦੇਗਾਂ ਦੇ ਕੀੜੇ
ਫੇਰ ਤੋਂ ਕੁਲਬਲਾਂਦੇ ਨੇ
ਸਾਧ ਚਕਰ ਬਣਾਈ ਕੁਝ
ਪੰਡਤ ਤੇ ਪੁਜਾਰੀ ਹਨ
ਹੱਥ ਫੇਰਦੇ ਇਨ੍ਹਾਂ ਦੀਆਂ
ਉਸਤੱਤ ਦੀਆਂ ਮਾਲਾਵਾਂ
ਜੀਭਾਂ ਜਪਦੀਆਂ ਇਨ੍ਹਾਂ ਦੀ
ਚਾਪਲੂਸੀ ਦੇ ਸ਼ਲੋਕ
ਪਕੜੀ ਥਾਲੀਆਂ 'ਚ ਮਾਲ
ਦਾਨ ਲਈ ਕੁਝ ਦੁੱਧ
ਭੇਟਾ ਲਈ ਕੁਝ ਮਾਸ
ਨੈਣ ਮੰਗਦੇ ਇਹਨਾ ਦੇ
ਨਿਤ-ਪੁੰਨੀ ਤੋਂ ਮਾਯਾ ਭੀਖ
ਫੇਰ ਸਭ ਨੂੰ ਸਮਝਾਵਾਂ ਮੈਂ
ਅਪਸਰਾਵਾਂ, ਕਨਿਆਵਾਂ
ਲਾਭ ਬੀਤੇ ਦੇ ਸਰਗਮ ਤੇ
ਨਚਦੀਆਂ ਨੇ ਫ਼ੇਰ ਨਾਗ
ਟੋਲੀਆਂ ਮਲੇਛਾਂ ਦੀਆਂ
ਟੁਕੜੀਆਂ ਦਰਿਸ਼ਟਾ ਦੀਆਂ
ਦੂਰ ਨਾਗ ਮੰਦਰ ਤੋਂ
ਕਰ ਰਹੀ ਹੈ ਪੂਜਾ ਦਾ
ਚੀਖ਼ ਚੀਖ਼ ਕੇ ਅਪਮਾਨ
ਬਦਲਾਂ ਨੂੰ ਇੰਨੀ ਵੀ
ਮਤ ਨਹੀਂ ਕਿ ਸਪਾਂ ਦੇ
ਕੰਨ ਹੀ ਨਹੀਂ ਹੁੰਦੇ ।

## ਚਾਂਹਦਾ ਹਾਂ

—ਸੁਰਜੀਤ ਖੁਰਸ਼ੀਦੀ—

ਮੌਤ ਤੋਂ ਪਹਿਲਾਂ ਪਹਿਲਾਂ
ਜੀਅ ਵੀ ਲੈਣਾ ਚਾਂਹਦਾ ਹਾਂ ।
ਚੌਗਿਰਦੇ ਫਿਰਦਿਆਂ ਧੜਾਂ 'ਤੇ
ਚੇਹਰੇ ਵੀ ਤਾਂ ਹੋਣਗੇ ਹੀ
ਮੇਰੇ ਆਪਣੇ ਚੇਹਰੇ ਦੇ ਵਾਂਗ ।
ਇਹ ਚੇਹਰੇ ਪਹਿਚਾਣ ਲੈਣੇ ਚਾਂਹਦਾ ਹਾਂ ।
ਇਸ ਸੰਸਾਰ-ਵਿਸ਼-ਸਾਗਰ ਦੇ ਵਿਚ
ਅੰਮ੍ਰਿਤ ਵੀ ਤਾਂ ਹੋਵੇਗਾ ਹੀ
ਆਪਣਤ ਦਾ, ਪਿਆਰ ਦਾ, ਪਹਿਚਾਣ ਦਾ
ਇਹ ਅੰਮ੍ਰਿਤ ਪੀ ਲੈਣਾ ਚਾਂਹਦਾ ਹਾਂ
ਮਨੁੱਖਤਾ ਦੇ ਸਾਗਰ ਵਿਚ ਹਰ ਕੋਈ
ਚਲਦਾ ਫਿਰਦਾ ਟਾਪੂ ਕਿਉਂ ਹੈ ਰੱਬਾ ?
ਕੋਈ ਪੱਲੂ, ਕੋਈ ਹੱਥ, ਲਹਿਰਾਂਦਾ ਹੀ ਨਹੀਂ ਕਿਤੇ
ਬੰਦੇ ਤੋਂ ਬੰਦੇ ਦੀਆਂ ਪੁਲਾੜੀ ਦੂਰੀਆਂ ਤਨਹਾਈਆਂ
ਦੂਰੀਆਂ, ਤਨਹਾਈਆਂ, ਵਿਚ ਹੀ ਮਰ ਨਾ ਜਾਵਾਂ ਕਿਤੇ ।
ਮੌਤ ਤੋਂ ਪਹਿਲਾਂ ਪਹਿਲਾਂ
ਜੀਅ ਵੀ ਲੈਣਾ ਚਾਂਹਦਾ ਹਾਂ
ਜ਼ਿੰਦਗੀ ਦੀ ਨਰੰਤਰਤਾ, ਸਦੀਵਤਾ
ਵੰਡੀ ਪਈ ਹੈ ਪਲਕਾਰਿਆਂ ਦੇ ਵਿਚ
ਇਹ ਕਾਇਨਾਤ ਬਹੁਤ ਹੁਸੀਨ ਹੈ, ਦਿਲਰੁਬਾ
ਇਹ ਹੁਸਨ ਨੂੰ ਡੀਕ ਲਾ ਕੇ
ਪੀ ਲੈਣਾ ਚਾਂਹਦਾ ਹਾਂ ।
ਜੀਅ ਲੈਣਾ ਚਾਂਹਦਾ ਹਾਂ ।
ਥੀਅ ਲੈਣਾ ਚਾਂਹਦਾ ਹਾਂ ।


Sri Satguru Jagjit Singh Ji eLibrary NamdhariElibrary@gmail.com

# ਚਾਰ ਚੌਮਿਸਰੇ

—ਸੰਤੋਖ ਸਿੰਘ ਸਫਰੀ

ਕਾਤਲ ਧਾਰ ਤਲਵਾਰ ਦੀ ਵੇਖ ਪਹਿਲੋਂ,
ਕਰੀਂ ਵਾਰ, ਤਲਵਾਰ ਨੂੰ ਤੇਜ਼ ਕਰਕੇ।
ਮੇਰਾ ਨਹੀਂ ਪਿਆਲਿਆਂ ਨਾਲ ਸਰਨਾ,
ਮੈਨੂੰ ਦੇਵੀਂ ਸੁਰਾਹੀ ਲਬਰੇਜ਼ ਕਰਕੇ।
ਚਾਹੜਾਂ ਸ਼ਮਸ ਤਬਰੇਜ਼ ਦਾ ਰੰਗ ਸੱਭ ਨੂੰ,
ਜ਼ਰਾ ਮੈਨੂੰ ਵੀ ਵੇਖ ਤਬਰੇਜ਼ ਕਰਕੇ।
ਜੀਂਦਾ ਜਾਗਦਾ ਦੇਕੇ ਲਹੂ 'ਸਫਰੀ'
ਜਾਵਾਂ ਇਸ਼ਕ ਦੀ ਧਰਤ ਜ਼ਰਖੇਜ਼ ਕਰਕੇ।

——

ਪੰਡਤਾ! ਤੇਰੀ ਨਸੀਹਤ ਤੋਂ ਕੀ ਖਟਿਆ,
ਜੇ ਮੈਂ ਰਿੰਦਾਂ ਵਿਚ ਰਹਿੰਦਾ ਤੇ ਚੰਗਾ ਰਹਿੰਦਾ।
ਝੂਠਾ ਹੋ ਗਿਆਂ, ਝੂਠ ਨੂੰ ਝੂਠ ਕਹਿਕੇ,
ਜੇ ਨਾ ਸੱਚੀਆਂ ਕਹਿੰਦਾ ਤੇ ਚੰਗਾ ਰਹਿੰਦਾ।
ਰਹਿੰਦੇ ਕੱਖ, ਜੇ ਕੱਖਾਂ ਦੇ ਨਾਲ ਰਹਿੰਦਾ,
ਵਡਿਆਂ ਸੰਗ ਨਾ ਖਹਿੰਦਾ ਤੇ ਚੰਗਾ ਰਹਿੰਦਾ।
ਬੇ-ਦਰ ਹੋ ਗਿਆਂ, ਦਰ-ਬੱਦਰ ਭੌਂਅ ਕੇ,
ਇਕੋ ਦਰ ਤੇ ਬਹਿੰਦਾ ਤੇ ਚੰਗਾ ਰਹਿੰਦਾ।

——

ਮੈਂ ਜਾਤਾ ਪਿਆਰ ਦੀ ਸਾਰ ਤੈਨੂੰ,
ਤੈਨੂੰ ਤਾਹੀਓਂ ਬਣਾਇਆ ਸੀ ਯਾਰ! ਚੁਣ ਕੇ
ਚੁਣਕੇ ਤੈਨੂੰ ਸੀ ਚੈਨ ਕਰਾਰ ਪਾਇਆ,
ਪਰ ਤੂੰ ਲੈਗਿਉਂ ਚੈਨ ਕਰਾਰ ਚੁਣ ਕੇ।
ਚੁਣ ਕੇ ਫੁੱਲਾਂ ਦੇ ਵਾਂਗਰਾਂ ਸੁੱਖ ਮੇਰੇ,
ਦੁਖ ਦੇ ਗਿਉਂ ਬੇ-ਸ਼ੁਮਾਰ ਚੁਣਕੇ।
ਚੁਣਕੇ ਯਾਰ ਸਫ਼ਰੀ ਏਦਾਂ ਮਾਰਦੇ ਨਹੀਂ,
ਜਿਦਾਂ ਮਾਰਿਆ ਈ ਮੈਨੂੰ ਯਾਰ ਚੁਣਕੇ।

——

ਸਰਫ਼ਾ ਸੀਸ ਦਾ ਸੂਰਮਾ ਕਰੇ ਜਿਹੜਾ
ਕਦੋਂ ਆਸ਼ਕਾਂ ਵਿਚ ਸ਼ੁਮਾਰ ਹੁੰਦੈ।
ਉਹ ਸੱਪ ਤੋਂ ਘੱਟ ਨਹੀਂ ਯਾਰ ਹੁੰਦਾ
ਜਿਹੜਾ ਆਦਮੀ ਮਤਲਬੀ ਯਾਰ ਹੁੰਦੈ।
ਪਦਵੀ ਦੱਸਾਂ ਕੀ ਦੋਗਲੇ ਆਦਮੀ ਦੀ,
ਨਾ ਉਹ ਫਲ ਹੁੰਦੇ ਨਾ ਉਹ ਖ਼ਾਰ ਹੁੰਦੇ।
ਦੂਹਾਂ ਬੇੜੀਆਂ ਵਿਚ ਜੋ ਪੈਰ ਧਰਦੈ
ਨਾ ਉਹ ਆਰ ਹੁੰਦੈ, ਨਾ ਉਹ ਪਾਰ ਹੁੰਦੈ।

# "ਦਾਜ ਦੀ ਸਮੱਸਿਆ

—ਸੁਰਜੀਤ ਸਿੰਘ ਫਲੋਰਾ

ਜਦੋਂ ਧੀ ਜਵਾਨ ਹੋ ਜਾਂਦੀ ਹੈ,
ਤਾਂ ਫਿਥ ਗਰੀਬ ਵਿਚਾਰਾ
ਅੰਦਰੋ-ਅੰਦਰ ਹੀ
ਗਮ ਸਮੇਟੀ ਜਾਂਦਾ ਰਹਿੰਦਾ ਹੈ
ਲੁੱਕ-ਲੁੱਕ ਹੰਝੂ ਬਹਾਂਦਾ ਰਹਿੰਦਾ ਹੈ।
ਦਿਲੋਂ ਇਹ ਆਸ ਕਰਕੇ...
ਇਕ ਲੰਮਾ ਹੌਕਾ ਭਰਕੇ...
ਜ਼ਾਲਮ ਲੋਕਾਂ ਤੋਂ ਡਰਕੇ...
ਸੋਚਦਾ ਹੈ ਕਿ ਮੈਂ
ਦਾਜ ਕਿੱਥੋਂ ਦੇਵਾਂਗਾ...?
ਇਹੋ ਸੋਚ ਨਾਲ ਉਹਦਾ ਚਿਹਰਾ
ਫੁੱਲਾਂ ਵਾਂਗ ਮੁਰਝਾ ਜਾਂਦਾ ਹੈ।
ਇਹ ਦਾਜ ਦੇ ਲਾਲਚੀ ਲੋਕ...
ਮਾਸ ਖਾਣੀਆਂ ਗਿਰਝਾਂ ਵਾਂਗ
ਝਾਕਦੇ ਨੇ ਗਰੀਬ ਦੇ ਹੱਥਾਂ ਵੱਲ
ਕਿ ਕਿੰਨਾ ਕੁ ਦਾਜ ਦੇਂਵਦਾ ਹੈ
ਬਹੁਤ ਜ਼ਿਆਦਾ, ਘਰ ਭਰ ਦੇਵੇਗਾ, ਨਹੀਂ ਬਹੁਤ ਘੱਟ
ਹੇ ਮੇਰੇ ਅੱਲਾ! ਇਹਨਾਂ ਲਾਲਚੀ ਲੋਕਾਂ ਨੂੰ
ਆ ਜਾਏ ਕਿਸੇ ਦੀ ਆਈ...
ਜਿਹੜੇ ਵਿਚਾਰੇ ਗਰੀਬ ਦੀ ਜ਼ਿੰਦਗੀ ਨੂੰ,
ਹੰਝੂਆਂ ਦੀ ਅੱਗ 'ਚ ਸੜਨ ਲਈ
ਮਜਬੂਰ ਕਰਦੇ ਨੇ, ਨਾ ਤੇਰੇ ਭਾਣੇ ਤੋਂ ਡਰਦੇ ਨੇ...
ਫਿਰ ਉਸਦੀ ਇਹ ਹਾਲਤ ਵੇਖ ਕੇ
ਹੱਸਦੇ ਨੇ ਤਾੜੀਆਂ ਮਾਰ-ਮਾਰ ਕੇ...
ਪਰ ਗਰੀਬ ਵਿਚਾਰਾ ਤਾਂ...
ਇਕ ਡੰਗ ਦੀ ਰੋਟੀ ਲਈ ਮਜਬੂਰ ਹੁੰਦਾ ਹੈ,
ਤੇ ਉਹ ਆਪਣੀ ਜਵਾਨ ਧੀ ਨੂੰ
ਕਿਥੋਂ ਦੇਵੇਗਾ ਦਾਜ? ਕਿਵੇਂ ਦੇਵੇਗਾ ਦਾਜ?
ਹਾੜਾ ਏ ਲੋਕੋ! ਓ ਲੋਕੋ!
ਨਾ ਮੰਗੋ ਦਾਜ, ਭੁਲ ਜਾਵੋ ਇਹ ਰਿਵਾਜ...

੨੫-ਏ ਸ਼ਾਂਤੀਪੁਰਾ
ਜਲੰਧਰ



Sri Satguru Jagjit Singh Ji eLibrary NamdhariElibrary@gmail.com

# ਕੌਮਾਂਤਰੀ ਇਤਿਹਾਸ ਦੇ ਨਵੇਂ ਦੌਰ ਦਾ ਅਰੰਭ

—ਸਤਨਾਮ ਚਾਨਾ

ਅੱਜ ਤੋਂ ਦਸ ਸਾਲ ਪਹਿਲਾਂ ਜਦੋਂ ਡੇਂਗ ਅਮਰੀਕਾ ਗਿਆ ਸੀ ਤਾਂ ਉਸਨੇ ਕਿਹਾ ਸੀ ਸਾਨੂੰ ਰੂਬਲ ਨਹੀਂ ਚਾਹੀਦੇ। ਚੀਨ ਦੇ ਕਿਸਾਨ ਅਤੇ ਮਜ਼ਦੂਰ ਜਪਾਨ ਦਾ ਟੀ ਵੀ. ਦੇਖਣਾ ਚਾਹੁੰਦੇ ਹਨ। ਇਸ ਦਾ ਸਿੱਧਾ ਅਰਥ ਸੀ ਕਿ ਚੀਨ ਸੋਵੀਅਤ ਯੂਨੀਅਨ ਨਾਲ ਨੇੜਤਾ ਨਹੀਂ ਚਾਹੁੰਦਾ ਸੀ।

ਪਰ ੧੬ ਮਈ ਨੂੰ ਜਦੋਂ ਡੇਂਗ ਜ਼ਿਓਪਿੰਗ ਜੋ ਵੂੜੀਆਂ ਹਾਲ ਵਿਚੋਂ ਗੋਰਬਾਚੇਵ ਨੂੰ ਨਾਲ ਲੈਕੇ ਮਹਾਨ ਹਾਲ ਦੇ ਮੁੱਖ ਹਾਲ ਵਿਚ ਦੁਨੀਆਂ ਨੂੰ ਇਹ ਦੱਸਣ ਆਇਆ ਕਿ ਚੀਨ ਅਤੇ ਸੋਵੀਅਤ ਯੂਨੀਅਨ ਦੇ ਸਬੰਧ ਅੱਜ ਤੋਂ ਆਮ ਵਾਂਗ ਹੋ ਗਏ ਹਨ ਤਾਂ ਉਸਨੇ ਗੋਰਬਾਚੇਵ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਸਬੰਧਾਂ ਦੇ ਸੁਧਾਰ ਦਾ ਅਮਲ ਤਿੰਨ ਸਾਲ ਪਹਿਲਾਂ ਡੇਂਗ ਨੇ ਸ਼ੁਰੂ ਕੀਤਾ ਸੀ। ਤਿੰਨ ਸਾਲ ਪਹਿਲਾਂ ਰੋਮਾਨੀਆਂ ਦਾ ਪ੍ਰਧਾਨ ਨਿਕੋਲਾਈ ਸ਼ਿਉਸ਼ਸਕੂ ਪੀਕਿੰਗ ਆਇਆ ਸੀ ਅਤੇ ਚੀਨ ਦੀ ਕਮਿਉਨਿਸਟ ਪਾਰਟੀ ਦੇ ਮੁਖੀ ਡੇਂਗ ਜ਼ਿਓਪਿੰਗ ਨੇ ਉਸਦੇ ਹੱਥ ਸੁਨੇਹਾ ਭੇਜਿਆ ਸੀ ਕਿ ਚੀਨ ਅਤੇ ਸੋਵੀਅਤ ਯੂਨੀਅਨ ਦੇ ਸਬੰਧਾਂ ਵਿਚਕਾਰ ਤਿੰਨ ਅੜਿਕੇ ਹਨ। ਅਫਗਾਨਿਸਤਾਨ ਵਿਚ ਸੋਵੀਅਤ ਫੌਜਾਂ ਦੀ ਮੌਜੂਦਗੀ, ਚੀਨ ਦੀ ਸਰਹੱਦ ਅਤੇ ਮੰਗੋਲੀਆ ਵਿਚ ਸੋਵੀਅਤ ਫੌਜ ਦੀ ਮੌਜੂਦਗੀ ਅਤੇ ਕੰਪੂਚੀਆ ਵਿਚ ਵੀਅਤਨਾਮੀ ਫੌਜਾਂ ਦੀ ਮੌਜੂਦਗੀ। ਦੁਨੀਆ ਭਰ ਤੋਂ ਇਕੱਤਰ ਹੋਈ ਪ੍ਰੈਸ ਦੇ ਸਾਹਮਣੇ ਜਦੋਂ ਡੇਂਗ ਨੇ ਇਹ ਕਿਹਾ ਤਾਂ ਗੋਰਬਾਚੇਵ ਨੇ ਹਾਂ ਵਿਚ ਹਾਂ ਮਿਲਾਈ ਅਤੇ ਕਿਹਾ ਸੀ ਕਿ "ਹਾਂ ਮੈਨੂੰ ਯਾਦ ਹੈ ਅਤੇ ਏਸੇ ਨੇ ਹੀ "ਤਿੰਨ ਅੜਿਕੇ" ਦੂਰ ਕਰਨ ਲਈ ਮੈਨੂੰ ਸੇਧ ਦਿਤੀ ਸੀ ਅਤੇ ਇਹ ਸੁਨੇਹਾ ਬੜਾ ਬਾ ਮੌਕਾ ਸੀ।" ਗੋਰਬਾਚੇਵ ਦੇ ਇਸ ਉਤਰ ਨੇ ਡੇਂਗ ਜਿਓਪਿੰਗ ਦੇ ਏਸ਼ੀਅਨ ਹਉਮੈ ਦੀ ਤਸੱਲੀ ਕਰਾ ਦਿਤੀ। ਗੋਰਬਾਚੇਵ ਨੇ ਇਹ ਵੀ ਕਹਿ ਦਿਤਾ ਕਿ ਬੀਤੇ ਸਮੇਂ ਵਿਚ ਜਿਹੜਾ ਸਬੰਧਾਂ ਵਿਚ ਵਿਗਾੜ ਪਿਆ ਉਹ ਸੋਵੀਅਤ ਯੂਨੀਅਨ ਦੀ ਇਕ 'ਗਲਤੀ' ਸੀ। ਭਾਵੇਂ ਕਿ ਗੋਰਬਾਚੇਵ ਨੇ ਨਾਲ ਇਹ ਵੀ ਕਿਹਾ ਕਿ ਇਤਿਹਾਸ ਬਾਰੇ ਸਮਝ ਉਨ੍ਹਾਂ ਦੀ ਆਪਣੀ ਹੈ।

ਤਾਂ ਵੀ, ਪੀਕਿੰਗ ਵਾਰਤਾ ਖਤਮ ਹੋਣ ਨਾਲ ਦੁਨੀਆ ਦੇ ਇਤਿਹਾਸ ਦਾ ਨਵਾਂ ਦੌਰ ਸ਼ੁਰੂ ਹੋ ਗਿਆ ਹੈ। ਭਵਿਖ ਵਿਚ ਜਦੋਂ ਇਤਿਹਾਸਕਾਰਾਂ ਨੇ ਇਤਿਹਾਸ ਦੀ ਸਮਾਂ ਵੰਡ ਕੀਤੀ ਤਾਂ ਇਕ ਵੰਡ ਪੀਕਿੰਗ ਵਾਰਤਾ ਤੋਂ ਪਾਉਣੀ ਪਵੇਗੀ।

੩੦ ਸਾਲਾਂ ਬਾਦ ਦੋ ਕਮਿਉਨਿਸਟ ਆਗੂਆਂ ਨੇ ਆਪਣੇ ਬਜ਼ੁਰਗਾਂ ਵਲੋਂ ਹਕੀਕਤ ਅਤੇ ਸੱਚਾਈ ਨੂੰ ਲਿਖਿਆ ਹੋਇਆ ਬੇਦਾਵਾ ਪਾੜ ਸੁਟਿਆ ਹੈ। ਸਮਾਜਵਾਦੀ ਪ੍ਰਬੰਧ ਜਾਂ ਕਮਿਉਨਿਸਟ ਲਹਿਰ ਨੇ ਅੱਜ ਤੱਕ ਜਿੰਨੀਆਂ ਪ੍ਰਾਪਤੀਆਂ ਕੀਤੀਆਂ ਹਨ ਉਸ ਤੋਂ ਕਈ ਸੌ ਗੁਣਾ ਵਧ ਨੁਕਸਾਨ ਸੰਸਾਰ ਇਨਕਲਾਬ ਨੂੰ ਇਨਾਂ ਤੀਹ ਸਾਲਾਂ ਨੇ ਕੀਤਾ ਹੈ। ਇਸ ਨੇ ਸਾਮਰਾਜੀ ਸੰਸਾਰ ਨੂੰ ਵਿਗਿਆਨਕ ਅਤੇ ਤਕਨੀਕੀ ਇਨਕਲਾਬ ਦੇ ਘੋੜੇ ਤੇ ਚੜ੍ਹਕੇ ਸਰਪੱਟ ਦੌੜਨ ਦਾ ਰਾਹ ਮੋਕਲਾ ਕਰੀ ਰੱਖਿਆ। ਅੰਤ ਹੋਇਆ ਇਹ ਕਿ ਸਰਮਾਏਦਾਰੀ ਦੀ ਇਸ ਤਰੱਕੀ ਤੇ ਡੇਂਗ ਦੇ ਕਿਸਾਨ ਅਤੇ ਮਜ਼ਦੂਰ ਵੀ ਲਾਰਾਂ ਵਗਾਉਣ ਲੱਗ ਪਏ। ਮਾਸਕੋ ਅਤੇ ਪੀਕਿੰਗ ਇਕ ਦੂਜੇ ਨੂੰ ਦਿਖਾਉਣ ਅਤੇ ਇਕ ਦੂਜੇ ਤੇ ਠੋਸਣ ਲਈ ਆਪਣੀ ਆਪਣੀ ਮਾਡਲਿੰਗ ਕਰਦੇ ਰਹੇ। ਦੁਨੀਆ ਭਰ ਦੀਆਂ ਦਰਸ਼ਕ ਕਮਿਉਨਿਸਟ ਪਾਰਟੀਆਂ ਆਪਣੀ ਆਪਣੀ ਪਸੰਦ ਦੇ ਮਾਡਲ ਤੇ ਤਾੜੀਆਂ ਗੂੰਜਾਉਂਦੀਆਂ ਰਹੀਆਂ। ਪਰ ਇਨ੍ਹਾਂ ਮਾਡਲ ਮੇਕਰਾਂ ਨੇ ਇਹ ਨਾ ਸੋਚਿਆ ਕਿ 'ਸਿਤਾਰੋਂ ਸੇ ਆਗੇ ਜਹਾਂ ਔਰ ਭੀ ਹੈ', ਕਿ 'ਮਾਲ' ਤਾੜੀਆਂ ਦੀ ਗੂੰਜ ਤੋਂ ਬਾਹਰ ਵਿਕਣਾ ਹੈ। ਜਿਹੜਾ ਕਿ ਨਹੀਂ ਵਿਕ ਰਿਹਾ। ਲਗ ਪਗ ਪਿਛਲੇ ੫੦ ਸਾਲਾਂ ਵਿਚ ਕਮਿਉਨਿਸਟ ਲਹਿਰ ਨੇ ਇਕ ਪੈਰ ਵੀ ਅੱਗੇ ਨਹੀਂ ਪੁੱਟਿਆ। ਜਦੋਂ ਕਿ ਕੌਮੀ ਅਜ਼ਾਦੀ ਅਤੇ ਜਮਹੂਰੀਅਤ ਦੀਆਂ ਲਹਿਰਾਂ ਨੇ ਤੀਜੇ ਸੰਸਾਰ ਉਤੇ ਸਾਮਰਾਜ ਦੇ ਵਿਛਾਏ ਜਾਲ ਦੀਆਂ ਗੰਢਾਂ ਉਧੇੜ ਦਿੱਤੀਆਂ।

ਪੀਕਿੰਗ ਅਤੇ ਮਾਸਕੋ ਨੇ ਇਹ ਐਲਾਨ ਕਰ ਦਿਤਾ ਹੈ ਕਿ ਸਮਾਜਵਾਦ ਦਾ ਕੋਈ ਮਾਡਲ ਨਹੀਂ ਹੈ ਹਰ ਦੇਸ ਆਪਣੀਆਂ ਆਪਣੀਆਂ ਠੋਸ ਹਾਲਤਾਂ ਦੇ ਮੇਚ ਆਉਂਦਾ ਸਮਾਜਵਾਦ ਬਣਾਏਗਾ। ਉਹ ਦੋਵੇਂ ਹੀ ਨਾ ਏਸ਼ੀਆ ਵਿਚ ਅਤੇ ਨਾ ਹੀ ਸੰਸਾਰ ਦੇ ਦੂਜੇ ਦੇਸ਼ਾਂ ਵਿਚ ਆਪਣੀ ਸਰਦਾਰੀ ਧੌਂਸ ਜਮਾਉਣਗੇ। ਦੋਹਾਂ ਨੇ ਇਕ ਮੂੰਹ ਹੋਕੇ ਕਹਿ ਦਿਤਾ ਹੈ ਕਿ ਅਜ਼ਾਦੀ, ਜਮਹੂਰੀਅਤ ਅਤੇ ਮਨੁੱਖੀ ਅਧਿਕਾਰ ਸਰਮਾਏਦਾਰਾਂ ਦੀ ਮਲਕੀਅਤ ਨਹੀਂ ਹੈ, ਇਸ ਦਾ ਮਜ਼ਾ ਸਮਾਜਵਾਦੀ ਕੌਮਾਂ ਵੀ ਲੈਣਗੀਆਂ।

ਆਮ ਲੋਕ ਇਹ ਕਿਹਾ ਕਰਦੇ ਸਨ ਕਿ ਕਮਿਉਨਿਸਟ ਦੇਸਾਂ ਅੰਦਰ ਸਾਹ ਘੁਟਦਾ ਹੈ ਅਤੇ ਕੌਮਾਂ ਨੂੰ ਤੰਦੂਆ ਪਿਆ ਹੋਇਆ ਹੈ। ਅਤੇ ਜਮਹੂਰੀਅਤ ਪਸੰਦ ਇਸਨੂੰ ਪਸੰਦ ਨਹੀਂ



Sri Satguru Jagjit Singh Ji eLibrary NamdhariElibrary@gmail.com

ਸ਼ਨ ਕਰਦੇ । ਉਹ ਸਮਾਜਵਾਦ ਦੇ ਹਾਮੀਂ ਹਨ ਪਰ ਹੁੰਮਸ ਦੇ ਨਹੀਂ ਏਸੇ ਕਰਕੇ ਦੁਨੀਆ ਵਿਚ ਤਰ੍ਹਾਂ ਤਰ੍ਹਾਂ ਦੇ ਰੰਗਾਂ ਦੇ 'ਸਮਾਜਵਾਦ' ਪਨਪਣ ਲਗ ਪਏ ਸਨ । ਮਾਡਲਵਾਦੀ ਪ੍ਰਭਾਵ ਵਜੋਂ ਦੁਨੀਆ ਦੀਆਂ ਸਾਰੀਆਂ ਹੀ ਕਮਿਊਨਿਸਟ ਪਾਰਟੀਆਂ ਹੁੰਮਸ ਦੇ ਦਮ ਘੁਟਵੇਂ ਮਹੌਲ ਵਿਚੋਂ ਦੀ ਲੰਘ ਰਹੀਆਂ ਸਨ ।

'ਪਰੇਸਤਰੋਏਕਾ' ਅਤੇ 'ਗਲਾਸਨੋਸਤ' ਅਜੋਕੇ ਸੰਸਾਰ ਇਨਕਲਾਬ ਦੀ ਸੇਧ ਹੈ 'ਮਾਡਲ' ਨਹੀਂ । ਏਸੇ ਕਰਕੇ ਗੋਰਬਾਚੇਵ ਨੇ ਪੀਕਿੰਗ ਵਿਚ ਖੁਲ੍ਹਕੇ ਕਹਿ ਦਿਤਾ ਹੈ ਕਿ ਉਹ 'ਪਰੇਸਤਰੋਏਕਾ' ਅਤੇ 'ਗਲਾਸਨੋਸਤ' ਦੂਜਿਆਂ ਤੇ ਨਹੀਂ ਠੋਸਦੇ । ਸਭ ਆਪਣੇ ਆਪਣੇ ਹਾਲਤਾਂ ਅਨੁਸਾਰ ਕਰਨ । ਜਿਸ ਸਮੇਂ ਗੋਰਬਾਚੇਵ ਇਹ ਗੱਲ ਪੀਕਿੰਗ ਵਿਚ ਕਹਿ ਰਿਹਾ ਸੀ ਐਨ ਉਸੇ ਸਮੇਂ ਗੁਟਨਿਰਲੇਪ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਨੇ ਕਿਹਾ ਕਿ ਅਸੀਂ ਕਿਸੇ ਨੂੰ ਵੀ ਆਗਿਆ ਨਹੀਂ ਦਿਆਂਗੇ ਕਿ ਸਾਨੂੰ ਦੱਸੇ ਕਿ ਸਾਡੇ ਲਈ ਕੀ ਚੰਗਾ ਹੈ ।

ਪੀਕਿੰਗ ਨੇ ਦੁਨੀਆ ਦੀ ਨਬਜ਼ ਤੇ ਹੱਥ ਰੱਖ ਦਿਤਾ ਹੈ । ਤੀਜੇ ਸੰਸਾਰ ਵਿਚ ਕਿੰਨੀ ਤਪਸ਼ ਹੈ ਇਹ ਚੀਨ ਸੰਵੀਅਤ ਸੰਮੇਲਨ ਨੇ ਭਾਂਪ ਲਈ ਹੈ । ਏਸੇ ਕਰਕੇ ਗੋਰਬਾਚੇਵ ਨੇ ਚੀਨ ਦੀ ਲੀਡਰਸ਼ਿਪ ਨੂੰ ਸਲਾਹ ਦਿਤੀ ਹੈ ਕਿ ਉਹ ਦੋਵੇਂ ਤੀਜੇ ਸੰਸਾਰ ਦੇ ਦੇਸ਼ਾਂ ਨਾਲ ਰਲਕੇ ਸਾਂਝੇ ਉਦਯੋਗ ਆਪਣੇ ਦੇਸ਼ਾਂ ਅੰਦਰ ਅਤੇ ਤੀਜੇ ਸੰਸਾਰ ਦੇ ਦੇਸ਼ਾਂ ਅੰਦਰ ਲਾਉਣ । ਉਸਨੇ ਵਿਗਿਆਨ, ਬੁਧੀ ਅਤੇ ਸਭਿਆਚਾਰ ਦੀ ਸਾਂਝ ਉਤੇ ਜ਼ੋਰ ਦਿਤਾ ਹੈ ।

ਜਿਸ ਤਰ੍ਹਾਂ ਡੇਂਗ ਨੂੰ ਲਗਿਆ ਸੀ ਕਿ ਚੀਨ ਦੇ ਮਜ਼ਦੂਰ ਕਿਸਾਨ ਜਪਾਨ ਦਾ ਟੀ. ਵੀ. ਦੇਖਣਾ ਚਾਹੁੰਦੇ ਹਨ ਇੰਝ ਹੀ ਗੋਰਬਾਚੇਵ ਨੂੰ ਨਜ਼ਰ ਆਉਂਦਾ ਹੈ ਕਿ ਪਛਮ ਦੀਆਂ ਨੱਢੀਆਂ ਆਪਣੀ ਚਿੱਟੀ ਚਮੜੀ ਉਤੇ ਰੇਸ਼ਮੀ ਬੂਟੀ ਪਵਾਉਣਾ ਚਾਹੁੰਦੀਆਂ ਹਨ । ਉਸ ਨੇ ਸਾਮਰਾਜ ਉਤੇ ਮਿਲਕੇ ਰੇਸ਼ਮੀ ਹਮਲਾ ਕਰਨ ਦੀ ਪੀਕਿੰਗ ਨੂੰ ਪੇਸ਼ਕਸ਼ ਕੀਤੀ ਹੈ । ਉਸ ਨੇ ਕਿਹਾ ਹੈ ਕਿ ਪੀਕਿੰਗ-ਅਲਮਾਅੱਤਾ-ਮਾਸਕੋ ਰਾਹੀਂ ਯੋਰਪ ਨੂੰ "ਰੇਸ਼ਮੀ ਰਾਹ" ਖੋਹਲਿਆ ਜਾਵੇ ।

ਰਹੀ ਗਲ "ਅਸਿਹਮਤੀ" ਵਾਲੇ ਮਸਲੇ ਦੀ ਜਿਸਨੂੰ ਅਖਬਾਰਾਂ ਨੇ ਸੁਰਖੀਆਂ ਬਣਾਇਆ ਹੈ । ਉਹ ਮਸਲਾ ਦੋਹਾਂ ਦੇਸ਼ਾਂ ਨੇ ਅਸਲ ਵਿਚ ਛਡ ਹੀ ਦਿਤਾ ਹੈ । ਕੰਬੋਦੀਆਂ ਵਿਚੋਂ ਵੀਅਤਨਾਮੀ ਫੌਜਾਂ ਚਲੇ ਜਾਣ ਤੋਂ ਬਾਦ ਚੋਣਾਂ ਹੋਣ ਤਕ ਕਿਹੋ ਜਹੀ ਸਰਕਾਰ ਹੋਵੇ ਇਸ ਬਾਰੇ ਸੋਵੀਅਤ ਯੂਨੀਅਨ ਅਤੇ ਚੀਨ ਵਿਚਕਾਰ ਮਾਮੂਲੀ ਜਿਹਾ ਮਤਭੇਦ ਹੈ । ਸੋਵੀਅਤ ਯੂਨੀਅਨ ਕਹਿੰਦਾ ਹੈ ਕਿ ਇਹ ਗਲ ਕੰਬੋਦੀਆ ਦੇ ਗਰੁੱਪਾਂ ਤੇ ਛਡ ਦੇਈਏ ਜਿਵੇਂ ਜੀ ਚਾਹੇ ਉਸ ਤਰ੍ਹਾਂ ਕਰਨ । ਪਰ ਚੀਨ ਚਾਹੁੰਦਾ ਹੈ ਚਾਰ ਧਿਰੀ ਕੰਮ ਚਲਾਊ ਸਰਕਾਰ ਬਣੇ ਜਿਸ ਵਿਚ ਖਮੇਰ ਰੂਜ ਦਾ ਪੋਲ ਪੋਟ, ਏਂਗਸਰੀ ਤੇ ਖੀਊ ਸਾਂਫਾਨ ਦੀ ਜੁੰਡੀ ਵੀ ਸ਼ਾਮਲ ਹੋਵੇ । ਉਂਜ ਅੰਦਰੋਂ ਅੰਦਰੀ ਦੋਹਾਂ ਧਿਰਾਂ ਨੂੰ ਸਪੱਸ਼ਟ ਹੈ ਕਿ ਉਪਰੋਕਤ ਜੁੰਡੀ ਕੰਬੋਦੀਆਂ ਦੇ ਲੋਕਾਂ ਦਾ ਸਾਹਮਣਾ ਕਰਨ ਦੀ ਹਿੰਮਤ ਨਹੀਂ ਕਰ ਸਕਦੀ ਨਹੀਂ ਤਾਂ ਚੀਨ ਦਾ ਤੀਜਾ "ਅੜਿਕਾ" ਪਹਿਲਾਂ ਬਣਿਆ ਰਹਿਣਾ ਸੀ । ਪਰ ਚੀਨ "ਟੁਟੀ ਤੇ ਚੁਗਾਠ ਪੁਟ ਲਈ" ਵਾਲੀ ਗਲ ਵੀ ਨਹੀਂ ਕਰਨਾ ਚਾਹੁੰਦਾ, ਕਿਉਂਕਿ ਪੋਲਪੋਟ ਕੇਵਲ ਉਸ ਸਮੇਂ ਦੀ ਚੀਨੀ ਲੀਡਰਸ਼ਿਪ ਦੇ ਇਸ਼ਾਰੇ ਤੇ ਹੀ ਕੰਮ ਕਰ ਰਿਹਾ ਸੀ ਅਤੇ ਨੋਮਫੇਨ ਵਿਚ ਇਕੋ ਇਕ ਦੂਤਵਾਸ ਹੀ ਸੀ, ਚੀਨ ਦਾ । ਪੋਲਪੋਟ ਨੇ ਨਵਾਂ ਮਾਡਲ ਤਿਆਰ ਕਰਨ ਲਈ ੩੦ ਲਖ ਕੰਪੂਚੀਅਨਾ ਨੂੰ ਮੌਤ ਦੇ ਘਾਟ ਉਤਾਰ ਦਿਤਾ ਸੀ ਅਤੇ ਉਸਦੇ ਰਾਜਪਲਟੇ ਤੋਂ ਪਿਛੋਂ ਦੇ ਦੌਰ ਨੂੰ ਕੰਪੂਚੀਆ ਦੇ ਲੋਕਾਂ ਨੇ "ਕੰਪੂਚੀਆ ਦੇ ਨਵੇਂ ਜਨਮ" ਦਾ ਨਾ ਦਿਤਾ ਹੈ ।

ਦੂਜੇ ਪਾਸੇ ਜੇਕਰ ਸ਼ਹਿਜ਼ਾਦਾ ਨਰੋਦਾਮ ਸਿਹਾਨੂਕ ਨੇ ਆਪਣੀ ਲੰਬੀ ਪਰ ਆਪੇ ਠੋਸੀ ਜਲਾਵਤਨੀ ਤੋਂ ਬਾਦ ਘਰ ਪਰਤਣਾ ਹੈ ਤਾਂ ਕਸਾਈਆਂ ਨੂੰ ਨਾਲ ਲੈ ਕੇ ਆਉਣ ਤੇ ਕੰਪੂਚੀਆ ਦੇ ਲੋਕ ਉਸ ਨੂੰ ਤੇਲ ਨਹੀਂ ਚੋਣ ਲਗੇ । ਇਹ ਗਲ ਸਿਹਾਨੂਕ ਵੀ ਸਮਝਦਾ ਹੈ ਅਤੇ ਚੀਨ ਵੀ ।

ਤਾਂ ਵੀ ਯਾਦ ਰਹੇ ਕਿ ਚੀਨ-ਸੋਵੀਅਤ ਯੂਨੀਅਨ ਸਿਖਰ ਵਾਰਤਾ ਦੇ ਅੰਤਲੇ ਦਿਨ ਜਾਰੀ ਕੀਤੇ ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ ਦੋਵੇਂ ਦੇਸ਼ ਦੂਜੇ ਕਿਸੇ ਤੇ ਵੀ ਸਰਦਾਰੀ ਨਹੀਂ ਠੋਸਣਗੇ । ਇਸ ਕਰਕੇ ਅਸੂਲਨ ਚੀਨ ਦਾ ਨਹੀਂ ਬਣਦਾ ਕਿ ਉਹ ਆਪਣੀ ਇਛਾ ਪ੍ਰਗਟ ਕਰਕੇ ਕਿ ਕੰਪੂਚੀਆ ਵਿਚ ਕੀ ਹੋਣਾ ਚਾਹੀਦਾ ਹੈ । ਇਸ ਕਰਕੇ "ਅਸਿਹਮਤੀ" ਵਾਲਾ ਮਸਲਾ ਆਇਆ ਗਿਆ ਹੋ ਗਿਆ ਸਮਝੋ । +


# RAINU
## Engineering Works Regd.
**Prop. : S. Mohinder Singh**
Specialists in All Kinds of Auto Repairing, Saw Mills, Millers, Stone Crushers, Gates, Grils, Tata Rim Plate New Fittings & Water Tanks
Repair of Honda Generators and Diesel Generators
**VINAIK BAZAR, JAMMU.**
Phone No. 46894




Sri Satguru Jagjit Singh Ji eLibrary NamdhariElibrary@gmail.com

https://archive.org/details/namdhari

WITH

BEST

COMPLIMENTS

FROM

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲ

ਅੰਬਰ ਬਿਸਕੁਟਸ ਪ੍ਰਾ: ਲਿ:

ਹੈਦਰਾਬਾਦ

**AMBER BISCUITS Pvt. Ltd.**

SANTOSH NAGAR, X'ROAD, HYDERABAD-500035 INDIA



Sri Satguru Jagjit Singh Ji eLibrary NamdhariElibrary@gmail.com

ਉਰਦੂ ਕਹਾਣੀ

# ਨਫ਼ਾ ਕੀ ਖਟਿਆ ਸੂ !

ਖ੍ਵਾਜਾ ਅਹਿਮਦ ਅਬਾਸ

ਪੰਜਾਬੀ ਰੂਪਾਂਤਰ—ਰਣਧੀਰ ਸਿੰਘ ਬੇਦੀ

ਉਸ ਦਾ ਨਾਂ ਤਾਂ ਰਹੀਮ ਖ਼ਾਂ ਸੀ, ਪਰ ਉਸ ਵਰਗਾ ਜ਼ਾਲਮ ਵੀ ਸ਼ਾਇਦ ਹੀ ਕੋਈ ਹੋਵੇਗਾ। ਸਾਰਾ ਪਿੰਡ ਉਸ ਦੇ ਨਾਂ ਤੋਂ ਕੰਬਦਾ ਸੀ। ਨਾ ਆਦਮੀ ਉਪਰ ਤਰਸ ਖਾਵੇ ਨਾ ਜਾਨਵਰ ਤੇ। ਇਕ ਦਿਨ ਰਾਮੂ ਕੁੰਗਰ ਦੇ ਪੁਤਰ ਨੇ ਉਸ ਦੇ ਬੈਲ ਦੀ ਦੁੰਮ ਵਿਚ ਕੰਢੇ ਕੀ ਬੰਨ੍ਹੇ, ਮਾਰਦਿਆਂ-ਮਾਰਦਿਆਂ ਵਿਚਾਰੇ ਨੂੰ ਅਧ ਮੋਇਆ ਕਰ ਦਿੱਤਾ। ਅਗਲੇ ਦਿਨ ਜ਼ੈਲਦਾਰ ਦੀ ਘੋੜੀ ਉਸ ਦੇ ਖੇਤ ਅੰਦਰ ਆ ਵੜੀ ਤੇ ਡਾਂਗ ਨਾਲ ਇਤਨਾ ਕੁਟਿਆ ਪਈ ਲਹੂ ਲੁਹਾਨ ਕਰ ਦਿੱਤਾ। ਲੋਕ ਆਖਦੇ ਸਨ ਕਿ ਕੰਮਬਖ਼ਤ ਨੂੰ ਰੱਬ ਦਾ ਵੀ ਡਰ ਨਹੀਂ। ਮਸੂਮ ਬਾਲਾਂ ਤੇ ਬੇਜ਼ਬਾਨ ਜਾਨਵਰਾਂ ਤੀਕ ਨੂੰ ਮੁਆਫ਼ ਨਹੀਂ ਕਰਦਾ। ਇਹ ਜ਼ਰੂਰ ਨਰਕ ਵਿਚ ਜਾਵੇਗਾ. ਪਰ ਇਹ ਸਭ ਕੁਝ ਉਸ ਦੀ ਪਿੱਠ ਪਿਛੇ ਆਖਿਆ ਜਾਂਦਾ ਸੀ। ਸਾਹਮਣੇ ਤਾਂ ਕਿਸੇ ਦੀ ਜ਼ਬਾਨ ਹਿਲਾਉਣ ਦੀ ਹਿੰਮਤ ਨਹੀਂ ਸੀ ਪੈਂਦੀ। ਇਕ ਦਿਹਾੜੇ ਬਿੰਦੂ ਦੀ ਜਦ ਸ਼ਾਮਤ ਆਈ ਤਾਂ ਕਹਿ ਦਿੱਤਾ, "ਐ ਭਈ ਰਹੀਮ ਖ਼ਾਂ ! ਤੂੰ ਬਾਲਾਂ ਨੂੰ ਕਿਉਂ ਮਾਰਦਾ ਏਂ ?" ਬਸ ਉਸ ਗ਼ਰੀਬ ਦੀ ਉਹ ਦੁਰਗਤ ਬਣਾਈ ਕਿ ਉਸ ਦਿਨ ਤੋਂ ਲੋਕਾਂ ਨੇ ਉਸ ਨਾਲ ਗੱਲ ਕਰਨੀ ਵੀ ਛੱਡ ਦਿਤੀ ਪਈ ਪਤਾ ਨਹੀਂ ਕਿਸ ਗੱਲ ਤੇ ਵਿਗੜ ਜਾਵੇ। ਕੁਛ ਇਕ ਦਾ ਖਿਆਲ ਸੀ ਪਈ ਉਸ ਦਾ ਦਿਮਾਗ਼ ਖ਼ਰਾਬ ਹੋ ਗਿਆ ਏ। ਇਸਨੂੰ ਪਾਗਲਖ਼ਾਨੇ ਘਲਣਾ ਚਾਹੀਦੇ। ਕੋਈ ਕਹਿੰਦਾ ਕਿ ਹੁਣ ਕਿਸੇ ਨੂੰ ਮਾਰੇ ਤਾਂ ਥਾਣੇ ਵਿਚ ਰੀਪੋਰਟ ਲਿਖਵਾ ਦਿਓ ਪਰ ਕਿਸ ਦੀ ਮਜਾਲ ਸੀ ਕਿ ਉਸ ਦੇ ਖ਼ਿਲਾਫ਼ ਗਵਾਹੀ ਦੇ ਕੇ ਦੁਸ਼ਮਣੀ ਮੁਲ ਲੈਂਦਾ !

ਪਿੰਡ ਦੇ ਸਾਰੇ ਲੋਕਾਂ ਨੇ ਉਸ ਨਾਲ ਗੱਲ ਕਰਨੀ ਛਡ ਦਿਤੀ ਪਰ ਇਸ ਦਾ ਰਹੀਮ ਖ਼ਾਂ ਉਪਰ ਕੋਈ ਅਸਰ ਨਾ ਹੋਇਆ। ਤੜਕਸਾਰ ਹੀ ਉਹ ਹੱਲ ਮੋਢਿਆਂ ਤੇ ਧਰੀ ਹੋਇਆ, ਆਪਣੇ ਖੇਤਾਂ ਵਲ ਜਾਂਦਾ ਵਿਖਾਈ ਦੇਂਦਾ ਸੀ। ਰਸਤੇ ਵਿਚ ਉਹ ਕਿਸੇ ਨਾਲ ਨਹੀਂ ਸੀ ਬੋਲਦਾ। ਖੇਤ ਵਿਚ ਜਾ ਕੇ ਬੈਲਾਂ ਨਾਲ ਆਦਮੀਆਂ ਵਾਂਗ ਗੱਲਾਂ ਕਰਦਾ। ਉਸ ਆਪਣੇ ਦੋਹਾਂ ਬੈਲਾਂ ਦੇ ਨਾਂ ਰਖੇ ਹੋਏ ਸਨ। ਇਕ ਨੂੰ ਨੱਥੂ ਕਹਿੰਦਾ ਤੇ ਦੂਜੇ ਨੂੰ ਛੱਦੂ ਕਹਿ ਕੇ ਹਾਕ ਮਾਰਦਾ ਸੀ। ਉਹ ਉਹਨਾਂ ਪਿੱਛੇ ਤੁਰਦਾ ਹੋਇਆ ਆਖਦਾ, 'ਕਿਉਂ ਬੇ ਨੱਥੂ ! ਤੂੰ ਸਿੱਧਾ ਨਹੀਂ ਤੁਰਦਾ ? ਇਹ ਖੇਤ ਅੱਜ ਤੇਰਾ ਪਿਉ ਪੂਰਾ ਕਰੇਗਾ ? ਅਤੇ ਛੱਦੂ ਹਰਾਮ ਦਿਆ ਤੇਰੀ ਵੀ ਸ਼ਾਮਤ ਆਈ ਏ ਕੀ ?" ਤੇ ਫੇਰ ਇਹਨਾਂ ਵਿਚਾਰਿਆਂ ਦੀ ਸ਼ਾਮਤ ਆ ਹੀ ਜਾਂਦੀ। ਸੂਤ ਦੀ ਰਸੀ ਦੀ ਮਾਰ ਨਾਲ ਦੋਹਾਂ ਬੈਲਦਾਂ ਦੀਆਂ ਕਮਰਾਂ ਉਪਰ ਜ਼ਖ਼ਮ ਹੋ ਗਏ ਸਨ।

ਸ਼ਾਮ ਸਮੇਂ ਘਰ ਆਉਂਦਾ ਤਾਂ ਆਪਣੀ ਵਹੁਟੀ ਤੇ ਬਾਲਾਂ ਉਪਰ ਗੁੱਸਾ ਕਢਦਾ। ਦਾਲ ਜਾਂ ਸਾਗ ਵਿਚ ਲੂਣ ਜ਼ਿਆਦਾ ਹੁੰਦਾ ਤਾਂ ਵਹੁਟੀ ਨੂੰ ਉਧੇੜ ਕੇ ਰੱਖ ਦੇਂਦਾ। ਕੋਈ ਬਾਲ ਸ਼ਰਾਰਤ ਕਰ ਰਿਹਾ ਏ ਤਾਂ ਉਸ ਨੂੰ ਉਲਟਾ ਲਟਕਾ ਕੇ ਬੈਲਦਾਂ ਵਾਲੀ ਰੱਸੀ ਨਾਲ ਮਾਰਦਿਆਂ ਮਾਰਦਿਆਂ ਬੇਹੋਸ਼ ਕਰਕੇ ਛਡਦਾ। ਨਿਕੀ ਗੱਲ ਹਰ ਰੋਜ਼ ਇਕ ਆਫ਼ਤ ਵਾਪਰਦੀ ਰਹਿੰਦੀ ਸੀ। ਆਸ ਪਾਸ ਦੀਆਂ ਕੁਲੀਆਂ ਝੌਂਪੜੀਆਂ ਵਾਲੇ ਰਹੀਮ ਖ਼ਾਂ ਦੀਆਂ ਗਾਲ੍ਹੀਆਂ ਤੇ ਉਸ ਦੀ ਰਨ ਤੇ ਬਾਲਾਂ ਦੇ ਮਾਰ ਖਾਣ ਤੇ ਰੋਣ ਦੀ ਆਵਾਜ਼ ਸੁਣਦੇ। ਪਰ ਵਿਚਾਰੇ ਕੀ ਕਰ ਸਕਦੇ ਸੀ। ਜੇ ਕੋਈ ਰੋਕਣ ਜਾਵੇ ਤਾਂ ਉਹ ਵੀ ਮਾਰ ਖਾਵੇ। ਮਾਰ ਖਾਂਦਿਆਂ-ਖਾਂਦਿਆਂ ਵਹੁਟੀ ਵਿਚਾਰੀ ਤਾਂ ਅਧਮੋਈ ਹੋ ਹੀ ਗਈ ਸੀ। ਚਾਲੀ ਵਰ੍ਹਿਆਂ ਦੀ ਉਮਰ ਵਿਚ ਸਠਾਂ ਵਰ੍ਹਿਆਂ ਦੀ ਲਗਦੀ ਸੀ। ਬਾਲ ਜਦ ਨਿਆਣੇ ਸਨ ਤਾਂ ਮਾਰ ਖਾਂਦੇ ਰਹੇ। ਵੱਡਾ ਮੁੰਡਾ ਜਦ ਬਾਰਾਂ ਸਾਲਾਂ ਦਾ ਹੋਇਆ ਤਾਂ ਇਕ ਦਿਨ ਮਾਰ ਖਾ ਕੇ ਜੋ ਭਜਿਆ ਤਾਂ ਵਾਪਸ ਨਾ ਪਰਤਿਆ। ਨੇੜੇ ਦੇ ਪਿੰਡ ਵਿਚ ਰਿਸ਼ਤੇ ਦਾ ਇਕ ਚਾਚਾ ਰਹਿੰਦਾ ਸੀ। ਉਸ ਆਪਣੇ ਕੋਲ ਰੱਖ ਲਿਆ। ਵਹੁਟੀ ਨੇ ਇਕ ਦਿਨ ਡਰਦਿਆਂ-ਡਰਦਿਆਂ ਕਿਹਾ, ਬਲਾਸਪੁਰ ਵਲ ਜਾਓ ਤਾਂ ਨੂਰੇ ਨੂੰ ਲੈਂਦਿਆਂ ਆਉਣਾ !" ਬਸ ਫੇਰ ਕੀ ਸੀ, ਅੱਗ ਬਗੋਲਾ ਹੋ ਗਿਆ, "ਮੈਂ ਉਸ ਬਦਮਾਸ਼ ਨੂੰ ਲੈਣ ਜਾਵਾਂ। ਹੁਣ ਤਾਂ ਉਹ ਆਪ ਵੀ ਆਇਆ ਤਾਂ ਲੱਤਾਂ ਚੀਰ ਕੇ ਸੁਟ ਦਿਆਂਗਾ।"

ਉਹ ਬਦਮਾਸ਼ ਕਿਉਂ ਮੌਤ ਦੇ ਮੂੰਹ 'ਚ ਵਾਪਸ ਆਉਣ ਲਗਿਆ ਸੀ। ਦੋ ਸਾਲ ਬਾਅਦ ਛੋਟਾ ਮੁੰਡਾ ਵੀ ਭੱਜ ਗਿਆ। ਉਹ ਵੀ ਆਪਣੇ ਭਰਾ ਕੋਲ ਹੀ ਰਹਿਣ ਲੱਗ ਪਿਆ। ਰਹੀਮ ਖ਼ਾਂ ਨੂੰ ਗੁੱਸਾ ਉਤਾਰਨ ਲਈ ਹੁਣ ਸਿਰਫ਼ ਵਹੁਟੀ ਹੀ ਨਜ਼ਰ ਆਉਂਦੀ ਸੀ ਤੇ ਉਹ ਵਿਚਾਰੀ ਇਤਨੀ ਮਾਰ ਖਾ ਚੁਕੀ ਸੀ ਕਿ ਹੁਣ ਉਹ ਮਾਰ ਖਾਣ ਦੀ ਆਦੀ ਹੋ ਗਈ ਸੀ। ਪਰ ਇਕ ਦਿਨ ਉਸ ਨੂੰ ਇਤਨਾ ਮਾਰਿਆ, ਇਤਨਾ ਮਾਰਿਆ ਤਾਂ ਦਾਅ ਲਗਾ ਕੇ ਜਦ ਰਹੀਮ ਖ਼ਾਂ ਖੇਤਾਂ ਤੇ ਗਿਆ ਹੋਇਆ ਸੀ ਤੇ ਉਸ ਆਪਣੇ ਭਰਾ ਨੂੰ ਬੁਲਾਇਆ ਤੇ ਉਸ ਨਾਲ ਆਪਣੀ ਮਾਂ ਕੋਲ ਚਲੀ ਗਈ ਤੇ ਜਾਣ ਲਗਿਆਂ ਆਪਣੀ ਗੁਆਂਢਣ ਨੂੰ ਕਹਿ ਗਈ ਕਿ ਆਉਣ ਤਾਂ ਕਹਿ ਦੇਣਾ ਪਈ ਮੈਂ ਕੁਝ ਦਿਹਾੜਿਆਂ ਲਈ ਆਪਣੀ ਮਾਂ ਕੋਲ ਰਾਮ ਨਗਰ ਜਾ ਰਹੀ ਹਾਂ।"

ਸ਼ਾਮ ਸਮੇਂ ਰਹੀਮ ਖ਼ਾਂ ਬਲਦਾਂ ਸਮੇਤ ਵਾਪਸ



Sri Satguru Jagjit Singh Ji eLibrary NamdhariElibrary@gmail.com

ਪਰਤਿਆ ਤਾਂ ਗੁਆਂਢਣ ਨੇ ਡਰਦਿਆਂ ਡਰਦਿਆਂ ਦਸਿਆ ਪਈ ਉਸ ਦੀ ਵਹੁਟੀ ਕੁਝ ਕੁ ਦਿਨਾਂ ਲਈ ਆਪਣੀ ਮਾਂ ਪਾਸ ਗਈ ਏ। ਰਹੀਮ ਖ਼ਾਂ ਨੇ ਆਪਣੀ ਆਦਤ ਤੋਂ ਉਲਟ ਚੁੱਪ ਕਰਕੇ ਗੱਲ ਸੁਣੀ ਤੇ ਬੌਲਦ ਬੰਨਣ ਅਗੇ ਵਧ ਗਿਆ। ਉਸ ਨੂੰ ਯਕੀਨ ਸੀ ਕਿ ਹੁਣ ਉਸ ਦੀ ਵਹੁਟੀ ਕਦੇ ਨਹੀਂ ਆਵੇਗੀ।

ਵਿਹੜੇ ਵਿਚ ਬੌਲਦ ਬੰਨ੍ਹ ਕੇ ਉਹ ਕਮਰੇ ਅੰਦਰ ਗਿਆ ਤਾਂ ਇਕ ਖਿੱਲੀ ਮਿਆਉਂ ਮਿਆਉਂ ਕਰ ਰਹੀ ਸੀ। ਕੋਈ ਹੋਰ ਨਜ਼ਰ ਨਾ ਆਇਆ ਤਾਂ ਉਸ ਨੂੰ ਦੁਮ ਤੋਂ ਫੜ ਜ਼ੋਰ ਨਾਲ ਬੂਹੇ ਤੋਂ ਬਾਹਰ ਸੁੱਟ ਦਿੱਤਾ। ਚੁਲ੍ਹਾ ਜਾ ਕੇ ਤਕਿਆ ਤਾਂ ਠੰਢਾ ਪਿਆ ਹੋਇਆ ਸੀ। ਅੱਗ ਬਾਲ ਰੋਟੀ ਕੌਣ ਪਕਾਉਂਦਾ। ਬਸ ਬਗ਼ੈਰ ਕੁਝ ਖਾਧਿਆਂ-ਪੀਤਿਆਂ ਹੀ ਸੌਣ ਲਈ ਲੰਮਾ ਪੈ ਗਿਆ!

ਅਗਲੇ ਦਿਨ ਜਦ ਰਹੀਮ ਖ਼ਾਂ ਸੌਂ ਕੇ ਉਠਿਆ ਤਾਂ ਦਿਨ ਗੋਡੇ-ਗੋਡੇ ਚੜ੍ਹ ਚੁਕਿਆ ਸੀ। ਪਰ ਅੱਜ ਉਸ ਨੂੰ ਖੇਤ ਤੇ ਜਾਣ ਦੀ ਜਲਦੀ ਨਹੀਂ ਸੀ। ਉਸ ਬਕਰੀਆਂ ਦਾ ਦੁੱਧ ਚੋ ਕੇ ਪੀਤਾ ਤੇ ਫੇਰ ਹੁੱਕਾ ਭਰ ਕੇ ਪਲੰਘ ਉਪਰ ਬੈਠ ਗਿਆ। ਹੁਣ ਵਿਹੜੇ ਦੀ ਦੁਪ ਕਮਰੇ ਅੰਦਰ ਵੀ ਆ ਗਈ ਸੀ। ਇਕ ਕੋਨੇ ਵਲ ਝਾਤ ਮਾਰੀ ਤਾਂ ਜਾਲੇ ਲਗੇ ਹੋਏ ਸਨ। ਸੋਚਿਆ ਪਈ ਸਫ਼ਾਈ ਹੀ ਕਰ ਦਿਆਂ। ਇਕ ਬਾਂਸ ਉਪਰ ਕਪੜਾ ਬੰਨ੍ਹ ਜਾਲੇ ਉਤਾਰ ਰਿਹਾ ਸੀ ਕਿ ਛੱਪਰ ਹੇਠ ਅਬਾਬੀਲਾਂ ਦਾ ਇਕ ਆਲ੍ਹਣਾ ਨਜ਼ਰ ਆਇਆ। ਉਹ ਅਬਾਬੀਲਾਂ ਕਦੇ ਅੰਦਰ ਜਾਂਦੀਆਂ ਸਨ ਤੇ ਕਦੇ ਬਾਹਰ ਆਉਂਦੀਆਂ ਸਨ। ਪਹਿਲਾਂ ਉਸ ਇਰਾਦਾ ਕੀਤਾ ਕਿ ਬਾਂਸ ਨਾਲ ਆਲ੍ਹਣਾ ਤੋੜ ਦੇਵੇ। ਪਰ ਫਰ ਪਤਾ ਨਹੀਂ ਕੀ ਸੋਚਿਆ। ਘੜੇ ਰਖਣ ਵਾਲੀ ਘੜੋਂਚੀ ਚੁਕ ਲਿਆਇਆ। ਤੇ ਉਸ ਉਪਰ ਚੜ੍ਹ ਆਲ੍ਹਣੇ ਵਿਚ ਝਾਤ ਮਾਰੀ। ਅੰਦਰ ਦੋ ਬੱਚੇ ਲਾਲ ਲਾਲ ਰੰਗ ਦੇ ਚੂੰ ਚੂੰ ਕਰ ਰਹੇ ਸਨ ਤੇ ਮਾਪਿਆਂ ਦਾ ਜੋੜਾ ਆਪਣੀ ਔਲਾਦ ਦੀ ਰਖਿਆ ਲਈ ਉਸ ਦੇ ਸਿਰ ਉਪਰ ਮੰਡਲਾ ਰਿਹਾ ਸੀ। ਆਲ੍ਹਣੇ ਵਲ ਉਸ ਹੱਥ ਚਾ ਵਧਾਇਆ ਹੀ ਸੀ ਕਿ ਮਦੀਨ ਅਬਾਬੀਲ ਨੇ ਉਸ ਉਪਰ ਚੁੰਝ ਨਾਲ ਹਮਲਾ ਕੀਤਾ। "ਅਰੀ ਅੱਖ ਕਢਣੀ ਆ?" ਰਹੀਮ ਨੇ ਆਪਣਾ ਖ਼ੌਫਨਾਕ ਕਹਿਕਾ ਮਾਰਿਆ ਤੇ ਹੇਠਾਂ ਉਤਰ ਆਇਆ। ਅਬਾਬੀਲਾਂ ਦਾ ਆਲ੍ਹਣਾ ਸਲਾਮਤ ਰਿਹਾ।

ਅਗਲੇ ਦਿਨ ਉਸ ਫੇਰ ਖੇਤ ਤੇ ਜਾਣਾ ਸ਼ੁਰੂ ਕਰ ਦਿੱਤਾ। ਪਿੰਡ ਵਾਲਿਆਂ ਚੋਂ ਹੁਣ ਕੋਈ ਵੀ ਉਸ ਨਾਲ ਗੱਲ ਨਹੀਂ ਸੀ ਕਰਦਾ। ਉਹ ਦਿਨ ਭਰ ਹਲ ਚਲਾਉਂਦਾ, ਪਾਣੀ ਦੇਂਦਾ ਜਾਂ ਖੇਤੀ ਕਟਦਾ ਪਰ ਸ਼ਾਮ ਸਮੇਂ ਸੂਰਜ ਅਸਤ ਹੋਣ ਤੋਂ ਕੁਝ ਸਮਾਂ ਪਹਿਲਾਂ ਘਰ ਆ ਜਾਂਦਾ ਸੀ। ਹੁੱਕਾ ਭਰ ਪਲੰਗ ਲਾਗੇ ਲੇਟ ਕੇ ਅਬਾਬੀਲਾਂ ਦੇ ਆਲ੍ਹਣੇ ਵਲ ਤਕਦਾ ਰਹਿੰਦਾ ਸੀ। ਹੁਣ ਦੋਵੇਂ ਬਾਲ ਵੀ ਉਡਣ ਯੋਗ ਹੋ ਗਏ ਸਨ। ਉਸ ਉਹਨਾਂ ਦੋਹਾਂ ਦੇ ਨਾਂ ਆਪਣੇ ਮੁੰਡਿਆਂ ਦੇ ਨਾਂ ਤੇ ਨੂਰੂ ਤੇ ਬਿੰਦੂ ਰਖ ਲਏ ਸਨ। ਹੁਣ ਦੁਨੀਆ ਵਿਚ ਉਸਦੇ ਮਿੱਤਰ ਇਹ ਚਾਰ ਅਬਾਬੀਲ ਹੀ ਰਹਿ ਗਏ ਸਨ। ਪਰ ਲੋਕਾਂ ਨੂੰ ਇਹ ਹੈਰਾਨੀ ਜ਼ਰੂਰ ਸੀ ਕਿ ਕਾਫ਼ੀ ਸਮੇਂ ਤੋਂ ਕਦੇ ਕਿਸੇ ਨੇ ਉਸ ਨੂੰ ਬੌਲਦਾ ਨੂੰ ਮਾਰਦਿਆਂ ਨਹੀਂ ਸੀ ਵੇਖਿਆ। ਨੱਥੂ ਤੇ ਛਿੰਦੂ ਖ਼ੁਸ਼ ਸਨ। ਉਹਨਾਂ ਦੇ ਜਿਸਮਾਂ ਉਪਰਲੇ ਜ਼ਖ਼ਮਾਂ ਦੇ ਨਿਸ਼ਾਨ ਵੀ ਲਗ ਭਗ ਗਾਇਬ ਹੋ ਗਏ ਸਨ।

ਰਹੀਮ ਖ਼ਾਂ ਇਕ ਦਿਹਾੜੇ ਰਤਾ ਸਵਖ਼ਤੇ ਆ ਰਿਹਾ ਸੀ ਕਿ ਕੁਝ ਬਾਲ ਸੜਕ ਉਪਰ ਕਬੱਡੀ ਖੇਡਦਿਆਂ ਹੋਇਆਂ ਮਿਲੇ। ਉਸ ਨੂੰ ਵੇਖਦਿਆਂ ਹੀ ਸਾਰੇ ਆਪਣੀਆਂ ਜੁੱਤੀਆਂ ਛੱਡ ਭੱਜ ਖਲੋਤੇ। ਉਹ ਕਹਿੰਦਾ ਹੀ ਰਿਹਾ; ਓਏ ਮੈਂ ਤੁਹਾਨੂੰ ਕੋਈ ਮਾਰਦਾ ਥੋੜੇ ਹੀ ਹਾਂ। ਅਸਮਾਨ ਉਪਰ ਬਦਲ ਛਾਏ ਹੋਏ ਸਨ। ਉਹ ਛੇਤੀ ਛੇਤੀ ਬੌਲਦਾਂ ਨੂੰ ਹੱਕਦਾ ਹੋਇਆ, ਘਰ ਲਿਆਇਆ। ਅਜੇ ਇਹਨਾਂ ਨੂੰ ਬੰਨਿਆ ਹੀ ਸੀ ਕਿ ਬੱਦਲ ਜ਼ੋਰ ਨਾਲ ਗਰਜਿਆ ਤੇ ਫੇਰ ਮੂਸਲਾਧਾਰ ਮੀਂਹ ਵਸਣ ਲੱਗ ਪਿਆ।

ਅੰਦਰ ਆ ਕੇ ਬੂਹਾ ਬੰਦ ਕੀਤਾ ਤੇ ਦੀਵਾ ਬਾਲਿਆ। ਕਮਰੇ ਅੰਦਰ ਚਾਨਣ ਹੋ ਗਿਆ ਸੀ। ਨਿਜ ਵਾਂਗ ਉਸ ਬਹੀ ਰੋਟੀ ਦੇ ਟੁਕੜੇ ਕੀਤੇ ਤੇ ਅਬਾਬੀਲਾਂ ਦੇ ਆਲ੍ਹਣੇ ਨੇੜੇ ਇਕ ਤਾਕ ਵਿਚ ਰੱਖ ਦਿਤੇ। "ਓਏ ਬਿੰਦੂ, ਓਏ ਨੂਰੂ!" ਰਹੀਮ ਨੇ ਆਵਾਜ਼ਾਂ ਮਾਰੀਆਂ ਪਰ ਉਹ ਬਾਹਰ ਨਾ ਆਏ। ਆਲ੍ਹਣੇ ਵਿਚ ਝਾਤ ਮਾਰੀ ਤਾਂ ਚਾਰੇ ਪਰ੍ਹਾਂ ਵਿਚ ਸਿਰ ਦਬਾਈ ਸਹਿਮੇ ਬੈਠੇ ਸਨ। ਐਨ ਜਿਸ ਥਾਂ ਛੱਤ ਵਿਚ ਆਲ੍ਹਣਾ ਸੀ, ਉਸੇ ਇਕ ਸੁਰਾਖ਼ ਸੀ ਤੇ ਮੀਂਹ ਦਾ ਪਾਣੀ ਟਪਕ ਰਿਹਾ ਸੀ। "ਜੇ ਕੁਝ ਸਮਾਂ ਪਾਣੀ ਇਸੇ ਤਰ੍ਹਾਂ ਆਉਂਦਾ ਰਿਹਾ ਤਾਂ ਆਲ੍ਹਣਾ ਤਬਾਹ ਹੋ ਜਾਵੇਗਾ ਤੇ ਅਬਾਬੀਲਾਂ ਵਿਚਾਰੀਆਂ ਬੇਘਰ ਹੋ ਜਾਣਗੀਆਂ?" ਇਹ ਸੋਚ ਉਸ ਬੂਹਾ ਖੋਲਿਆ ਤੇ ਮੂਸਲਾਧਾਰ ਮੀਂਹ ਵਿਚ ਪੌੜੀ ਲਗਾ ਛੱਤ ਉਪਰ ਚੜ੍ਹ ਗਿਆ।

ਜਦ ਮਿੱਟੀ ਪਾ ਕੇ ਸੁਰਾਖ਼ ਬੰਦ ਕਰਨ ਪਿਛੋਂ ਉਹ ਉਤਰਿਆ ਤੇ ਪੂਰੀ ਤਰ੍ਹਾਂ ਭਿੱਜ ਚੁਕਿਆ ਸੀ। ਪਲੰਗ ਉਪਰ ਜਾ ਕੇ ਬੈਠਿਆ ਤਾਂ ਉਪਰੋਂ ਥਲੀਂ ਕਈ ਨਿੱਛਾਂ ਆਈਆਂ ਪਰ ਉਸ ਪਰਵਾਹ ਨਾ ਕੀਤੀ ਤੇ ਗਿੱਲੇ ਕਪੜੇ ਨਚੋੜ ਚਾਦਰ ਲੈ ਸੌਂ ਗਿਆ। ਅਗਲੇ ਦਿਨ ਸਵੇਰੇ ਉਠਿਆ ਤਾਂ ਸਾਰਾ ਸਰੀਰ ਦਰਦ ਕਰ ਰਿਹਾ ਸੀ ਅਤੇ ਬੁਖ਼ਾਰ ਚੜ੍ਹਿਆ ਹੋਇਆ ਸੀ।



Sri Satguru Jagjit Singh Ji eLibrary NamdhariElibrary@gmail.com

ਕੌਣ ਸੀ ਜਿਹੜਾ ਹਾਲ ਪੁਛਦਾ ਤੇ ਕੌਣ ਦੁਆਈ ਲਿਆਉਂਦਾ ? ਉਹ ਦੋ ਦਿਨ ਇਸੇ ਹਾਲਤ ਵਿਚ ਪਿਆ ਰਿਹਾ ।

ਜਦ ਦੋ ਦਿਨ ਉਸ ਨੂੰ ਖੇਤਾਂ ਵਿਚ ਜਾਂਦਿਆਂ ਹੋਇਆਂ ਨਾ ਤਕਿਆ ਗਿਆ ਤਾਂ ਪਿੰਡ ਵਾਲਿਆਂ ਨੂੰ ਫਿਕਰ ਪਿਆ । ਕਾਲੂ ਜ਼ੈਲਦਾਰ ਤੇ ਕਈ ਕਿਰਸਾਨ ਸ਼ਾਮ ਸਮੇਂ ਉਸ ਦੇ ਘਰ ਗਏ । ਝਾਤੀਆਂ ਮਾਰੀਆਂ ਤਾਂ ਉਹ ਪਲੰਘ ਉਪਰ ਪਿਆ ਆਪਣੇ ਆਪ ਨਾਲ ਹੀ ਗੱਲਾਂ ਕਰ ਰਿਹਾ ਸੀ, "ਓਏ ਬਿੰਦੂ ਓਏ ਨੌਰੂ ! ਕਿੱਥੇ ਮਰ ਗਏ ? ਅੱਜ ਤੁਹਾਨੂੰ ਕੌਣ ਖਾਣਾ ਦੇਵੇਗਾ ?" ਕੁਛ ਅਬਾਬੀਲਾਂ ਕਮਰੇ ਅੰਦਰ ਫੜਫੜਾ ਰਹੀਆਂ ਸਨ ।

"ਵਿਚਾਰਾ ਪਾਗਲ ਹੋ ਗਿਐ !" ਕਾਲੂ ਜ਼ੈਲਦਾਰ ਨੇ ਸਿਰ ਹਿਲਾ ਕੇ ਆਖਿਆ, "ਸਵੇਰੇ ਹਸਪਤਾਲ ਵਾਲਿਆਂ ਨੂੰ ਸੂਚਨਾ ਦਿਆਂਗੇ ਪਈ ਪਾਗਲਖਾਨੇ ਘਲ ਦੇਣ ।"

ਅਗਲੇ ਦਿਨ ਸਵੇਰੇ ਜਦ ਉਸ ਦੇ ਗੁਆਂਢੀ ਹਸਪਤਾਲ ਵਾਲਿਆਂ ਨੂੰ ਲੈ ਕੇ ਆਏ ਤੇ ਉਸ ਦੇ ਘਰ ਦਾ ਬੂਹਾ ਖੋਲਿਆ ਤਾਂ ਉਹ ਮਰ ਚੁਕਿਆ ਸੀ ਤੇ ਉਸ ਦੇ ਪੈਰਾਂ ਲਾਗੇ ਚਾਰ ਅਬਾਬੀਲਾਂ ਸਿਰ ਝੁਕਾਈ ਚੁਪ ਚਾਪ ਬੈਠੀਆਂ ਹੋਈਆਂ ਸਨ ।

+

With best compliments from :

**MEX SWITCHGEAR PVT. LTD.**

Tanda Road, JALANDHAR.

Phone : 72116

ਕਹਾਣੀ

# ਬੱਚੇ ਵਡਿਆਂ ਨਾਲੋਂ ਸਿਆਣੇ

ਮੂਲ ਲੇਖਕ : ਤਾਲਸਤਾਏ

**ਪੰਜਾਬੀ ਰੂਪ : ਸੁਰਜੀਤ ਖੁਰਸ਼ੀਦੀ**

ਬਸੰਤ ਰੁੱਤ ਦਾ ਅਜੇ ਆਰੰਭ ਹੀ ਹੋਇਆ ਸੀ । ਬਰਫ ਗਡੀਆਂ ਚਲਣੋ ਅਜੇ ਬੰਦ ਹੋਈਆਂ ਹੀ ਸਨ, ਵਿਹੜਿਆਂ ਵਿਚ ਬਰਫ ਅਜੇ ਤਕ ਪਈ ਹੋਈ ਸੀ ਅਤੇ ਪਿੰਡ ਦੀ ਗਲੀ ਵਿਚ ਪਾਣੀ ਦੀਆਂ ਧਾਰਾਂ ਵਹਿਣ ਢਹਿ ਪਈਆਂ ਸਨ ।

ਦੋ ਵਖਰੇ ਘਰਾਂ ਵਿਚਕਾਰਲੀ ਵੀਹੀ ਵਿਚ ਨਿੱਕੀਆਂ ਕੁੜੀਆਂ ਇਕ ਦੂਜੀ ਨੂੰ ਟੱਕਰੀਆਂ । ਉਥੇ ਵਿਹੜਿਆਂ ਵਿਚੋਂ ਆਏ ਗੰਦੇ ਪਾਣੀ ਦਾ ਇਕ ਚਲ੍ਹਾ ਜਿਹਾ ਸੀ । ਇਕ ਕੁੜੀ ਬਹੁਤ ਹੀ ਨਿੱਕੀ ਸੀ ਅਤੇ ਦੂਜੀ ਕੁਝ ਕੁ ਵੱਡੀ ਸੀ । ਉਹਨਾ ਦੀਆਂ ਮਾਵਾਂ ਨੇ ਉਹਨਾਂ ਨੂੰ ਨਵੀਆਂ ਫਰਾਕਾਂ ਪਵਾਈਆਂ ਹੋਈਆਂ ਸਨ । ਨਿੱਕੀ ਕੁੜੀ ਨੇ ਨੀਲੇ ਰੰਗ ਦੀ ਫਰਾਕ ਪਹਿਨੀ ਹੋਈ ਸੀ ਅਤੇ ਦੂਜੇ ਦੇ ਪੀਲੀ ਫੁਲਦਾਰ, ਦੋਹਾਂ ਦੇ ਸਿਰਾਂ ਤੇ ਲਾਲ ਰਮਾਲ ਬਧੇ ਹੋਏ ਸਨ । ਜਦੋਂ ਉਹ ਮਿਲੀਆਂ ਸਨ ਤਾਂ ਅਜੇ ਗਿਰਜਾ ਘਰ ਤੋਂ ਪਰਤ ਹੀ ਰਹੀਆਂ ਸਨ । ਮਿਲਦਿਆਂ ਉਹਨਾਂ ਨੇ ਪਹਿਲਾਂ ਤਾਂ ਇਕ ਦੂਸਰੀ ਨੂੰ ਆਪਣੀਆਂ ਪਹਿਨੀਆਂ ਵਸਤਾਂ ਦਿਖਲਾਈਆਂ ਅਤੇ ਫੇਰ ਖੇਡ ਵਿਚ ਰੁਝ ਗਈਆਂ । ਛੇਤੀ ਹੀ ਉਹਨਾਂ ਦਾ ਜੀਅ ਕੀਤਾ ਕਿ ਉਹ ਪਾਣੀ ਵਿਚ ਕੁਦਾਕੜੀਆਂ ਮਾਰਨ ਅਤੇ ਪਾਣੀ ਦੇ ਛਿੱਟੇ ਉਡਾਣ । ਨਿੱਕੀ ਕੁੜੀ ਚੁਲ੍ਹੇ ਵਿਚ ਵੜਨ ਹੀ ਲਗੀ ਸੀ, ਸਣੇ ਮੋਜਿਆਂ ਜ਼ਰਾਬਾਂ ਦੇ ਕਿ ਵੱਡੀ ਕੁੜੀ ਨੇ ਉਸਨੂੰ ਰੋਕਿਆ ।

"ਨਾ ਵੜ ਮਲਾਸ਼ਾ, ਤੇਰੀ ਮਾਂ ਡਾਂਟੇਗੀ ਉਸ ਨੇ ਕਿਹਾ । ਮੈਂ ਆਪਣੇ ਮੋਜ਼ੇ ਅਤੇ ਜਰਾਬਾਂ ਉਤਾਰਦੀ ਹਾਂ ਅਤੇ ਤੂੰ ਵੀ ਲਾਹ ਲੈ ।

ਉਹਨਾਂ ਨੇ ਇਸੇ ਤਰ੍ਹਾਂ ਕੀਤਾ, ਫੇਰ ਆਪਣੀਆਂ ਫਰਾਕਾਂ ਨੂੰ ਉਪਰ ਚੁਕ ਕੇ ਗੰਦੇ ਪਾਣੀ ਦੇ ਚਲ੍ਹੇ ਵਿਚ ਇਕ ਦੂਜੀ ਵੱਲ ਨੂੰ ਚਲਣ ਢਹਿ ਪਈਆਂ । ਪਾਣੀ ਮਲਾਸ਼ਾ ਦੇ ਗਿੱਟੇ ਗਿੱਟੇ ਆ ਗਿਆ ਤਾਂ ਉਸ ਨੇ ਕਿਹਾ :—

ਇਹ ਤਾਂ ਡੂੰਘਾ ਹੈ, ਅਕੂਲੀਆ । ਬਈ ਆਪਾਂ ਨੂੰ ਤਾਂ ਡਰ ਲਗਦਾ ।

"ਆ ਜਾ ਆ ਜਾ, ਡਰ ਨਾ । ਬਹੁਤਾ ਡੂੰਘਾ ਨਹੀਂ ਹੈ । ਦੂਜੀ ਨੇ ਕਿਹਾ ।

ਜਦੋਂ ਉਹ ਇਕ ਦੂਜੀ ਦੇ ਲਾਗੇ ਅਪੜ ਗਈਆਂ ਤਾਂ ਅਕੂਲੀਆ ਨੇ ਕਿਹਾ ।



Sri Satguru Jagjit Singh Ji eLibrary NamdhariElibrary@gmail.com

"ਮਨਾਸ਼ਾ ਬਈ ਧਿਆਨ ਨਾਲ, ਛਿੱਟੇ ਨਾ ਮਾਰੀਂ। ਦੇਖ ਕੇ ਚਲ।"

ਉਸ ਨੇ ਅਜੇ ਇਹ ਕਿਹਾ ਹੀ ਸੀ ਕਿ ਮਲਾਸ਼ਾ ਨੇ ਲਤ ਮਾਰ ਦਿਤੀ ਅਤੇ ਗੰਦਾ ਪਾਣੀ ਸਿਧਾ ਅਕੂਲੀਆ ਦੀ ਫਰਾਕ ਤੇ ਜਾ ਪਿਆ। ਫਰਾਕ ਲਿਬੜ ਗਈ ਅਤੇ ਅਕੂਲੀਆਂ ਦੀਆਂ ਅੱਖਾਂ ਅਤੇ ਨੱਕ ਵੀ ਲੱਥ ਪੱਥ ਹੋ ਗਏ। ਜਦੋਂ ਉਸ ਨੇ ਆਪਣੀ ਫ਼ਰਾਕ ਤੇ ਗੰਦੇ ਧਬੇ ਦੇਖੇ ਤਾਂ ਗੁਸੇ ਵਿਚ ਆ ਕੇ ਮਲਾਸ਼ਾ ਨੂੰ ਕੁਟਣ ਦੇ ਲਈ ਉਸ ਦੇ ਪਿਛੇ ਦੌੜੀ। ਮਲਾਸ਼ਾ ਡਰ ਗਈ, ਅਤੇ ਖਤਰੇ ਦਾ ਅਨੁਭਵ ਕਰਕੇ ਉਹ ਚਲ੍ਹੇ ਤੋਂ ਬਾਹਰ ਨੂੰ ਨਿਕਲਣ ਲਗੀ ਤਾਂ ਜੋ ਘਰ ਨੂੰ ਨਸ ਜਾਵੇ। ਉਸੇ ਸਮੇਂ ਉਧਰੋਂ ਅਕੂਲੀਆ ਦੀ ਮਾਂ ਲੰਘ ਰਹੀ ਸੀ। ਆਪਣੀ ਧੀ ਨੂੰ ਗੰਦੇ ਪਾਣੀ ਵਿਚ ਲਿਬੜੀ ਨੂੰ ਦੇਖਕੇ ਉਸ ਨੇ ਕਿਹਾ :—

"ਨੀ ਸ਼ਤਾਨ ਕੁੜੀਏ, ਕੀ ਕਰਦੀ ਪਈ ਸੀ ?"

"ਮਲਾਸ਼ਾ ਨੇ ਜਾਣ ਬੁਝ ਕੇ ਇੰਝ ਕੀਤਾ ਹੈ।" ਉਸ ਨੇ ਉਤਰ ਦਿਤਾ।

ਇਹ ਸੁਣਕੇ ਅਕੂਲੀਆ ਦੀ ਮਾਂ ਨੇ ਮਲਾਸ਼ਾ ਨੂੰ ਫੜ ਕੇ ਉਸਦੀ ਗਿੱਚੀ ਵਿਚ ਧੌਲ ਜੜ ਦਿਤੀ। ਮਲਾਸ਼ਾ ਤਾਂ ਹਾਲ ਦੁਹਾਈ ਪਾਣ ਢਹਿ ਪਈ ਤਾਂ ਜੋ ਉਸ ਨੇ ਸਾਰੀ ਗਲੀ ਵਾਲੇ ਸੁਣ ਸਕਣ। ਉਸ ਦੀ ਮਾਂ ਬਾਹਰ ਆਈ।

"ਕਿਉਂ ਨੀ, ਮੇਰੀ ਧੀ ਤੇ ਕਿਉਂ ਕੁਟਾਪਾ ਚਾੜ੍ਹਨ ਲੱਗੀ ਹੋਈ ਹੈਂ ? ਉਸ ਨੇ ਕਿਹਾ ਅਤੇ ਲਗੀ ਗੁਆਂਢਣ ਨੂੰ ਬੁਰਾ ਭਲਾ ਕਹਿਣ। ਬੋਲਤ ਬੋਲਤ ਵਧੇ ਬਕਾਰਾ—ਬਸ ਜੀ ਗੱਲ ਵਧਦੀ ਗਈ ਅਤੇ ਝਗੜਾ ਹੋ ਗਿਆ। ਬੰਦੇ ਬਾਹਰ ਆ ਗਏ ਅਤੇ ਵੀਹੀ ਵਿਚ ਭੀੜ ਲਗ ਗਈ, ਹਰ ਕੋਈ ਉੱਚੀ ਉੱਚੀ ਬੋਲ ਰਿਹਾ ਸੀ, ਕਿਸੇ ਦੀ ਸੁਣਦਾ ਕੋਈ ਵੀ ਨਹੀਂ ਸੀ। ਸਾਰੇ ਲੜਦੇ ਝਗੜਦੇ ਰਹੇ ਕਿ ਕਿਸੇ ਇਕ ਨੂੰ ਦੂਸਰੇ ਨੂੰ ਧੱਕਾ ਮਾਰ ਦਿਤਾ ਅਤੇ ਨੌਬਤ ਮਾਰ-ਕੁਟਾਈ ਤਕ ਪੁਜਣ ਵਾਲੀ ਹੋ ਗਈ ਸੀ ਕਿ ਅਕੂਨੀਆ ਦੀ ਦਾਦੀ ਨੇ ਬਾਹਰ ਆ ਕੇ ਸਭ ਨੂੰ ਠੰਡਾ ਕਰਨ ਦੀ ਕੋਸ਼ਿਸ਼ ਕੀਤੀ।

ਭਾਈ ਤੁਸੀਂ ਸਾਰੇ ਕੀ ਸੋਚਦੇ ਹੋ, ਕੀ ਇਸ ਪਰਕਾਰ ਦਾ ਵਰਤਾਅ ਠੀਕ ਹੈ ? ਉਹ ਵੀ ਇਹੋ ਜਿਹੇ ਸ਼ੁਭ ਦਿਹਾੜੇ ? ਇਹ ਤਾਂ ਖੁਸ਼ੀਆਂ ਮਨਾਣ ਦਾ ਸਮਾਂ ਹੈ ਨਾਂ ਕਿ ਇਹੋ ਜਿਹੀਆਂ ਕਮਲੀਆਂ ਗੱਲਾਂ ਕਰਨ ਦਾ।"

ਕਿਸੇ ਨੇ ਵੀ ਵਿਚਾਰੀ ਬੁੱਢੀ ਦੀ ਕੋਈ ਗੱਲ ਨਾ ਸੁਣੀ। ਸਗੋਂ ਧੱਕੇ ਧੱਕੀ ਉਹ ਡਿਗਦੀ ਡਿਗਦੀ ਮਸੀਂ ਬਚੀ। ਉਸ ਪਾਸੋਂ ਇਹ ਭੂਤੀ ਭੀੜ ਸ਼ਾਂਤ ਨਹੀਂ ਸੀ ਕਰ ਹੋਣੀ ਜੇਕਰ ਖੁਦ ਅਕੂਨੀਆ ਅਤੇ ਮਨਾਸ਼ਾ ਦੀ ਸਹਾਇਤਾ ਨਾ ਬੋੜ੍ਹਦੀ। ਦੋਵੇਂ ਤ੍ਰੀਮਤਾਂ ਅਜੇ ਇਕ ਦੂਜੀ ਨੂੰ ਭੰਡ ਫਿੱਟਕਾਰ ਹੀ ਰਹੀਆਂ ਸਨ ਕਿ ਅਕੂਲੀਆ ਨੇ ਆਪਣੀ ਫਰਾਕ ਤੋਂ ਚਿੱਕੜ ਨੂੰ ਝਾੜ ਦਿਤਾ ਤੇ ਮੁੜ ਗੰਦੇ ਪਾਣੀ ਦੇ ਚਲ੍ਹੇ ਵਿਚ ਜਾ ਵੜੀ। ਉਸ ਨੇ ਇਕ ਠੀਕਰ ਜਿਹਾ ਚੁਕਿਆ ਅਤੇ ਚਲੇ ਦੇ ਇਕ ਕੰਢੇ ਤੋਂ ਮਿੱਟੀ ਖਰੋਚਣ ਢਹਿ ਪਈ ਤਾਂ ਜੋ ਇਕ ਨਾਲੀ ਜਹੀ ਬਣ ਜਾਵੇ ਤੇ ਚਲ੍ਹੇ ਦਾ ਪਾਣੀ ਵੀਹੀ ਵਿਚ ਨੂੰ ਵੱਗ ਤੁਰੇ। ਮਲਾਸ਼ਾ ਵੀ ਲੱਕੜ ਦੀ ਇਕ ਖਲਪਾੜ ਜਿਹੀ ਲੈ ਕਿ ਨਾਲੀ ਬਨਾਣ ਵਿਚ ਉਸਦੀ ਸਹਾਇਤਾ ਕਰਨ ਲਗ ਪਈ। ਬੰਦੇ ਅਜੇ ਲੜ ਪੈਣ ਹੀ ਵਾਲੇ ਸਨ ਕਿ ਬਾਲੜੀਆਂ ਵਲੋਂ ਬਣਾਈ ਨਿੱਕੀ ਜਹੀ ਨਹਿਰ ਵਿਚੋਂ ਵੱਗ ਕੇ ਪਾਣੀ ਠੀਕ ਉਸ ਥਾਂ ਤਕ ਜਾ ਪੁਜਾ ਜਿਥੇ ਬੁਢੀ ਦਾਦੀ ਬੰਦਿਆਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰ ਰਹੀ ਸੀ। ਕੁੜੀਆਂ ਵੀ ਪਾਣੀ ਦੇ ਮਗਰ ਮਗਰ ਦੌੜੀਆਂ ਨਿੱਕੀ ਜਿਹੀ ਨਹਿਰ ਦੇ ਇਕ ਜਣੀ ਇਕ ਪਾਸੇ ਅਤੇ ਦੂਜੀ ਜਣੀ ਦੂਜੇ ਪਾਸੇ ਵੱਲ ਹੋ ਕੇ।

"ਫੜੀਂ ਇਹਨੂੰ ਫੜੀਂ ਪਨਾਸ਼ਾ, ਅਕੂਨੀਆਂ ਨੇ ਉੱਚੀ ਦੇਣੇ ਕਿਹਾ ਪਰ ਮਨਾਸ਼ਾ ਦਾ ਤਾਂ ਖੁਸ਼ੀ ਭਰੇ ਹਾਸੇ ਨਾਲ ਹੀ ਬੋਲ ਨਹੀਂ ਸੀ ਨਿਕਲ ਰਿਹਾ।

ਆਪਣੀ ਖੋਦੀ ਨਹਿਰ ਵਿਚ ਲਕੜ ਦੇ ਇਕ ਛਿਲੜ ਨੂੰ ਤੈਰਦਿਆਂ ਜਾਂਦੇ ਨੂੰ ਦੇਖ ਕੇ ਉਹ ਗੱਦ ਗੱਦ ਹੋ ਕੇ ਅਤੇ ਦੌੜ ਕੇ ਬੰਦਿਆਂ ਦੇ ਇਕਠ ਵੱਲ ਨੂੰ ਦੌੜੀਆਂ ਅਤੇ ਉਹਨਾਂ ਨੂੰ ਦੇਖ ਕੇ ਬੁਢੀ ਮਾਈ ਨੇ ਬੰਦਿਆਂ ਨੂੰ ਕਿਹਾ :

"ਤੁਹਾਨੂੰ ਆਪਣੇ ਆਪ ਤੇ ਸ਼ਰਮ ਨਹੀਂ ਆਉਂਦੀ ? ਤੁਸੀਂ ਇਹਨਾਂ ਬਾਲੜੀਆਂ ਵਿਚ ਲੜ ਰਹੇ ਸੀ ਜਦੋਂ ਕਿ ਖੁਦ ਇਹਨਾਂ ਦੇ ਕੁਝ ਚਿੱਤ ਚੇਤੇ ਵੀ ਨਹੀਂ ਅਤੇ ਖੁਸ਼ੀ ਖੁਸ਼ੀ ਰਲ ਮਿਲ ਕੇ ਖੇਡ ਰਹੀਆਂ ਹਨ। ਵਿਚਾਰੀਆਂ ਮਾਸੂਮਾਂ, ਇਹ ਤੁਹਾਡੇ ਨਾਲੋਂ ਵਧੇਰੇ ਸਿਆਣੀਆਂ ਅਤੇ ਸਮਝਦਾਰ ਹਨ।"

ਬੰਦਿਆਂ ਨੇ ਨਿੱਕੀਆਂ ਕੁੜੀਆਂ ਵਲ ਵੇਖਿਆ ਅਤੇ ਬੜੇ ਸ਼ਰਮਿੰਦਾ ਹੋਏ, ਫੇਰ ਆਪਣੇ ਆਪ ਬਾਰੇ ਰਸਦੇ ਰਸਾਂਦੇ ਆਪੋ ਆਪਣੇ ਘਰਾਂ ਨੂੰ ਚਲੇ ਗਏ।

"ਬਾਲ ਮਨਾਂ ਵਾਂਗ ਨਿਰਛਲ ਹੋਏ ਬਿਨਾ ਮਨ ਨੂੰ ਅਸਲੀ ਸੁਖਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ।"

+



Sri Satguru Jagjit Singh Ji eLibrary NamdhariElibrary@gmail.com

# ਗੁਰਬਾਣੀ ਦੇ ਸ਼ਬਦ-ਜੋੜਾਂ ਅਤੇ ਅੰਕਾਂ ਸਬੰਧੀ ਕੁਝ ਅਹਿਮ ਭੁਲੇਖੇ

ਡਾ: ਰਾਮਿੰਦਰ ਸਿੰਘ
ਡੇਹਰਾਦੂਨ

ਨਿਰਵੈਰ ਸਿੰਘ ਅਰਸ਼ੀ
੨੦, ਪ੍ਰੀਤਮ ਰੋਡ, ਡੇਹਰਾਦੂਨ

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਬਾਣੀ ਦੀ ਸੰਪਾਦਨਾ ਦੀ ਵਿਉਂਤ-ਵਿਧੀ ਸਬੰਧੀ ਖੋਜੀਆਂ ਵਲੋਂ ਵਿਦਵਤਾ ਭਰਪੂਰ ਲੇਖ ਅਕਸਰ ਛਪਦੇ ਰਹਿੰਦੇ ਹਨ। ਇਸ ਲੇਖ ਲੜੀ ਵਿਚ ਪਿਛਲੇ ਕੁਝ ਸਾਲਾਂ ਵਿਚ ਭਾਰੀ ਵਾਧਾ ਹੋਇਆ ਹੈ। ਲੇਖ ਦਾ ਵਿਸ਼ਾ ਚਾਹੇ ਕੋਈ ਵੀ ਹੋਵੇ, ਪਰੰਤੂ ਕਿਉਂਕਿ ਇਹ ਆਦਿ ਗ੍ਰੰਥ, ਕਿਸੇ ਗੁਰੂ ਸਾਹਿਬਾਨ ਜਾਂ ਭਗਤ ਨਾਲ ਸਬੰਧਤ ਹੁੰਦਾ ਹੈ, ਸੋ ਕਿਤੇ ਨਾ ਕਿਤੇ ਗੁਰਬਾਣੀ ਦਾ ਵੇਰਵਾ, ਰਾਗਾਂ ਦੀ ਗਿਣਤੀ, ਹਰ ਰਾਗ ਵਿਚ ਗੁਰੂਆਂ ਅਤੇ ਭਗਤਾਂ ਦੀ ਬਾਣੀ, ਸ਼ਬਦਾਂ ਵਿਚ ਪ੍ਰਯੋਗ ਕੀਤੇ ਅੰਕਾਂ ਆਦਿ ਬਾਰੇ ਵੀ ਚਰਚਾ ਮਿਲ ਹੀ ਜਾਂਦੀ ਹੈ। ਕਈ ਪੁਸਤਕਾਂ ਵੀ ਇਸ ਵਿਸ਼ੇ ਉਤੇ ਸਥਾਪਤ ਲੇਖਕਾਂ ਵਲੋਂ ਛੱਪ ਕੇ ਮਾਰਕੀਟ ਵਿਚ ਆ ਚੁਕੀਆਂ ਹਨ। ਗੁਰਬਾਣੀ ਜਿਹੇ ਗਹਿਰ ਗੰਭੀਰ ਵਿਸ਼ੇ ਬਾਰੇ ਜਦੋਂ ਮੰਨਿਆ ਪ੍ਰਮੰਨਿਆ ਲੇਖਕ ਰੋਸ਼ਨੀ ਪਾਵੇ ਤਾਂ ਉਸ ਦੀ ਰਾਇ ਵੀ ਕਾਫੀ ਵਜ਼ਨੀ ਸਮਝੀ ਜਾਂਦੀ ਹੈ। ਉਦਾਹਰਣ ਵਜੋਂ ਇਸ ਸਦੀ ਦੀ ਮਹਾਨ ਸਾਹਿਤਕ ਹਸਤੀ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਪਿਤਾ ਸ੍ਰੀਮਾਨ ਡਾਕਟਰ ਚਰਨ ਸਿੰਘ ਜੀ ਨੇ ਅੱਜ ਤੋਂ ਕੋਈ ਅੱਸੀ ਵਰ੍ਹੇ ਪਹਿਲਾਂ ਗੁਰਬਾਣੀ ਦੇ ਵੇਰਵੇ ਆਪਣੀ ਪੁਸਤਕ 'ਬਾਣੀ ਬਿਉਰਾ' ਵਿਚ ਦਿਤੇ ਸਨ। ਇਕ ਤਰ੍ਹਾਂ ਇਹ ਵੇਰਵਾ ਅੱਜ ਅੰਤਮ ਨਿਰਣਾ ਹੋ ਨਿਬੜਿਆ ਹੈ। ਗੁਰਬਾਣੀ ਬਾਰੇ ਨਵੀਆਂ ਅਤੇ ਪੁਰਾਣੀਆਂ ਪੁਸਤਕਾਂ ਪੜਚੋਲਣ ਤੋਂ ਪਤਾ ਲਗਦਾ ਹੈ ਕਿ ਤਕਰੀਬਨ ਹਰ ਲੇਖਕ ਨੇ ਆਪਣੀ ਰਚਨਾ ਵਿਚ ਸਿੱਧੇ ਜਾਂ ਅਸਿੱਧੇ ਰੂਪ ਵਿਚ ਡਾ: ਚਰਨ ਸਿੰਘ ਜੀ ਦੇ ਬਿਉਰੇ ਦੀ ਵਰਤੋਂ ਕੀਤੀ ਹੈ। ਬੜੀ ਅਸਚਰਜਤਾ ਦੀ ਗੱਲ ਤਾਂ ਇਹ ਹੈ ਕਿ ਸ਼ਾਇਦ ਕਿਸੇ ਵੀ ਖੋਜੀ ਵਿਦਵਾਨ ਨੇ ਇਹਨਾਂ ਵੇਰਵਿਆਂ ਦੀ ਪੁਸ਼ਟੀ ਕਰਨ ਦੀ ਲੋੜ ਮਹਿਸੂਸ ਨਹੀਂ ਕੀਤੀ।

ਇਕ ਹੋਰ ਗੱਲ ਜੋ ਵਿਸ਼ੇਸ਼ ਉਘੜ ਕੇ ਸਾਡੇ ਸਾਹਮਣੇ ਆਈ ਹੈ, ਉਹ ਇਹ ਹੈ ਕਿ ਨਾਮੀ ਕਰਾਮੀ ਲੇਖਕ ਜਦੋਂ ਵੀ ਆਪਣੀ ਕਿਸੇ ਨਵੀਂ ਰਚਨਾ ਵਿਚ ਬਾਣੀ ਬਾਰੇ ਕੋਈ ਤੱਥ ਪੇਸ਼ ਕਰਦੇ ਹਨ ਤਾਂ ਉਹ ਆਪਣੀਆਂ ਪੁਰਾਣੀਆਂ ਲਿਖਤਾਂ ਵੱਲ ਵੇਖਣ ਦਾ ਕਸ਼ਟ ਵੀ ਨਹੀਂ ਕਰਦੇ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਇਕ ਹੀ ਲੇਖਕ ਵਲੋਂ ਵੱਖ ਵੱਖ ਸਮੇਂ ਬਾਣੀ ਬਾਰੇ ਦਿਤੇ ਤੱਥ ਕਈ ਵੇਰ ਆਪਸ ਵਿਚ ਮੇਲ ਨਹੀਂ ਖਾਂਦੇ। ਇੰਜ ਇਕ ਹਾਸੋ ਹੀਣੀ ਜਿਹੀ ਸਥਿਤੀ ਪੈਦਾ ਹੋ ਜਾਂਦੀ ਹੈ ਅਤੇ ਇਸ ਗੋਰਖਧੰਦੇ ਕਾਰਨ ਪਾਠਕਾਂ ਦੇ ਮਨਾਂ ਵਿਚ ਸੁਭਾਵਿਕ ਹੀ ਕਈ ਤਰ੍ਹਾਂ ਦੇ ਭੁਲੇਖੇ ਪੈ ਜਾਂਦੇ ਹਨ ਅਤੇ ਉਸ ਲਈ ਕਿਹੜਾ ਤੱਥ ਗਲਤ ਹੈ, ਅਥਵਾ ਸਹੀ, ਦਾ ਨਿਰਣਾ ਕਰਨਾ ਇਕ ਬਿਖਮ ਸਮੱਸਿਆ ਬਣ ਜਾਂਦਾ ਹੈ।

ਬੇਸ਼ਕ ਡਾ: ਚਰਨ ਸਿੰਘ ਜੀ ਵਲੋਂ ਗੁਰਬਾਣੀ ਦੇ ਵੇਰਵਿਆਂ ਨੂੰ ਇਕ ਥਾਂ ਇਕਤਰ ਕਰਨਾ ਬੜਾ ਹੀ ਸ਼ਲਾਘਾ ਯੋਗ ਉਦਮ ਹੈ, ਪਰੰਤੂ ਇਹਨਾਂ ਵੇਰਵਿਆਂ ਦੀ ਖੋਜ ਕਰਨ ਉਤੇ ਕੁਝ ਉਕਾਈਆਂ ਸਾਡੀ ਨਜ਼ਰੀਂ ਪਈਆਂ ਹਨ ਜਿਸ ਕਾਰਨ ਇਸ ਬਿਉਰੇ ਨੂੰ ਸੌ ਫੀਸਦੀ ਦੋਸ਼-ਮੁਕਤ ਨਹੀਂ ਕਿਹਾ ਜਾ ਸਕਦਾ। ਵੱਖ ਵੱਖ ਰਾਗਾਂ ਵਿਚ ਦਿਤੀ ਗੁਰੂ ਸਾਹਿਬਾਨ ਦੀ ਬਾਣੀ ਦੇ ਜੋੜਾਂ ਨੂੰ ਲੈ ਕੇ ਸਮੁੱਚੀ ਬਾਣੀ ਦਾ ਵੱਡਾ ਜੋੜ ਕਰਦੇ ਸਮੇਂ ਡਾ: ਚਰਨ ਸਿੰਘ ਜੀ ਤੋਂ ਕੁਝ ਉਕਾਈਆਂ ਹੋ ਗਈਆਂ ਹਨ (ਜਿਹਨਾਂ ਨੂੰ ਸੋਧ ਕੇ ਅਸੀਂ ਛੇਤੀ ਹੀ ਪਾਠਕਾਂ ਸਾਹਵੇਂ ਪ੍ਰਸਤੁਤ ਕਰਨ ਦਾ ਪ੍ਰਯਤਨ ਕਰਾਂਗੇ), ਜਿਸ ਦੇ ਫਲਸਰੂਪ ਇਹਨਾਂ ਜੋੜਾਂ ਵਿਚ ਆਈ ਭਿੰਨਤਾ ਦਾ ਅਸਰ ਹਰ ਉਸ ਲਿਖਤ ਉਤੇ ਪੈਣਾ ਸੁਭਾਵਿਕ ਹੈ ਜਿਸ ਵਿਚ ਡਾ: ਚਰਨ ਸਿੰਘ ਜੀ ਦੇ 'ਬਾਣੀ ਬਿਉਰੇ' ਦੀ ਇਕ ਜਾਂ ਦੂਜੇ ਰੂਪ ਵਿਚ ਵਰਤੋਂ ਕੀਤੀ ਗਈ ਹੈ।

ਆਦਿ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਦੇ ਗਾਇਨ ਲਈ ਵਰਤੇ ਗਏ ਰਾਗਾਂ ਦੀ ਗਿਣਤੀ ਬਾਰੇ ਵੀ ਕਈ ਲੇਖਕਾਂ ਵਿਚ ਮਤਭੇਦ ਹਨ। ਕੁਝ ਲੇਖਕ ਤਾਂ ਜਾਣੇ-ਅਨਜਾਣੇ ਇਹ ਹਠ ਕਰੀ ਬੈਠੇ ਹਨ ਕਿ ਰਾਗਾਂ ਦੀ ਗਿਣਤੀ ਕੇਵਲ ੩੧ ਹੀ ਹੈ। ਦੂਜੇ ਕਈ ਲੇਖਕ ਇਹ ਗਿਣਤੀ ੪੮ ਦੱਸਦੇ ਹਨ ਅਤੇ ਕਈ ੬੨ ਵੀ। ਪੰਥ ਦੇ ਸ਼ਰੋਮਣੀ ਧਾਰਮਕ ਤੇ ਸੰਗੀਤ ਵਿਦਿਆਲੇ 'ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਦੇ ਸਾਬਕ ਪ੍ਰਿੰਸੀਪਲ(ਪ੍ਰਿੰ:) ਹਰਿਭਜਨ ਸਿੰਘ ਜੀ, ਅਨੁਸਾਰ ਰਾਗਾਂ ਦੀ ਇਹ ਗਿਣਤੀ ੪੮ ਹੈ, ਪਰੰਤੂ ਉਹਨਾਂ ਵਲੋਂ ਦਿਤੀ ਮਿਸ਼ਰਤ ਰਾਗਾਂ ਦੀ ਸੂਚੀ ਨੂੰ ਵੇਖਦਿਆਂ ਇਹ ਅਨੁਮਾਨ ਲਗਾਣਾ ਕਠਨ ਨਹੀਂ ਕਿ ਪ੍ਰਿੰਸੀਪਲ ਸਾਹਿਬ ਨੂੰ ਆਦਿ ਗਰੰਥ ਵਿਚ ਵਰਤੇ ਗਏ ਰਾਗਾਂ ਬਾਰੇ ਸੰਪੂਰਨ ਜਾਣ-ਕਾਰੀ ਨਹੀਂ ਹੈ। ਉਹਨਾਂ ਅਨੁਸਾਰ ਰਾਗ ਗਉੜੀ ਵਿਚ ਕੇਵਲ 'ਗਉੜੀ ਮਾਝ' ਹੀ ਮਿਸ਼ਰਤ ਰਾਗ ਵਰਤਿਆ ਗਿਆ ਹੈ। ਡਾ: ਮਹਿੰਦਰ ਕੌਰ ਗਿੱਲ (ਪ੍ਰਿੰਸੀਪਲ, ਮਾਤਾ ਸੁੰਦਰੀ ਕਾਲਜ, ਦਿੱਲੀ) ਅਨੁਸਾਰ ਰਾਗ ਗਉੜੀ ਵਿਚ ੧੩ ਮਿਸ਼ਰਤ ਰਾਗ ਵਰਤੇ ਗਏ ਹਨ ਪਰ ਉਹਨਾਂ ਨੇ ੧੨ ਮਿਸ਼ਰਤ ਰਾਗਾਂ ਦੇ ਹੇਠ ਲਿਖਤੀ ਰੂਪ ਦਿਤੇ ਹਨ :—



Sri Satguru Jagjit Singh Ji eLibrary NamdhariElibrary@gmail.com

੧. ਰਾਗ ਗਉੜੀ ਗੁਆਰੇਰੀ
੨. ਰਾਗ ਗਉੜੀ ਚੇਤੀ
੩. ਰਾਗ ਗਉੜੀ ਬੈਰਾਗਣਿ
੪. ਰਾਗ ਗਾਉੜੀ ਦੀਪਕੀ
੫. ਰਾਗ ਗਉੜੀ ਪੂਰਬੀ ਦੀਪਕੀ
੬. ਰਾਗ ਗਉੜੀ ਪੂਰਬੀ
੭. ਰਾਗ ਗਉੜੀ ਮਾਝ
੮. ਰਾਗ ਗਉੜੀ ਰਾਗ ਦਖਣੀ
੯. ਰਾਗ ਗਉੜੀ ਮਾਲਵਾ
੧੦. ਰਾਗ ਗਉੜੀ ਮਾਲਾ
੧੧. ਰਾਗ ਗਉੜੀ ਗੁਆਰੇਰੀ ਸ੍ਰੀ
੧੨. ਰਾਗ ਗਾਉੜੀ ਭੀ ਸੋਰਠ ਭੀ

ਰਾਗ ਗਾਉੜੀ ਦਾ ਉਹ ੧੩ਵਾਂ ਰੂਪ ਕਿਹੜਾ ਹੋ ਸਕਦਾ ਹੈ ਜੋ ਗੁਰਬਾਣੀ ਪ੍ਰਚਾਰਨ ਲਈ ਵਰਤਿਆ ਗਿਆ ਹੈ, ਭਾਵੇਂ ਡਾ: ਗਿੱਲ ਨੇ ਇਹ ਨਹੀਂ ਦੱਸਿਆ (ਜਾਂ ਸ਼ਾਇਦ ਲਿਖਣਾ ਰਹਿ ਗਿਆ ਹੈ), ਪ੍ਰੰਤੂ ਫਿਰ ਵੀ ਡਾ: ਗਿੱਲ ਦਾ ਇਹ ਉਦਮ ਅਤੀ ਸ਼ਲਾਘਾ ਯੋਗ ਹੈ ਕਿ ਉਨ੍ਹਾਂ ਨੇ ਪਹਿਲੀ ਵੇਰ ਰਾਗ ਗਉੜੀ ਦੇ ਸਾਰੇ ਰੂਪਾਂ ਨੂੰ ਇਕ ਥਾਵੇਂ ਇਕਠਾ ਕੀਤਾ ਹੈ। ਕੁਝ ਹੋਰ ਵਿਦਵਾਨ ਗਉੜੀ ਸੁਖਮਨੀ, ਗਉੜੀ ਬਾਵਨ ਅਖਰੀ, ਅਤੇ ਗਉੜੀ ਥਿਤੀ ਵੀ ਗਉੜੀ ਦੇ ਮਿਸ਼ਰਤ ਰੂਪ ਦੱਸਦੇ ਹਨ।

ਇਸਤੋਂ ਇਲਾਵਾ ਡਾ: ਗਿੱਲ ਨੇ 'ਗਉੜੀ ਗੁਆਰੇਰੀ ਸ੍ਰੀ' ਨੂੰ ਵੀ ਰਾਗ ਗਾਉੜੀ ਦਾ ਮਿਸ਼ਰਤ ਰੂਪ ਲਿਖਿਆ ਹੈ। ਰਾਗ ਗਉੜੀ ਵਿਚ ਭਗਤ ਕਬੀਰ ਜੀ ਦੇ ਸ਼ਬਦ 'ਅਬ ਮੋਹਿ ਜਲਤ ਰਾਮ ਜਲੁ ਪਾਇਆ' ਲਈ ਆਦਿ ਗ੍ਰੰਥ ਦੇ ਪੰਨਾ ੩੨੩ ਉਪਰ ਸਿਰਲੇਖ ਹੈ—'ਗਉੜੀ ਗੁਆਰੇਰੀ ਸ੍ਰੀ ਕਬੀਰ ਜੀਉ ਕੇ ਚਉਪਦੇ ੧੪'। ਡਾ: ਗਿੱਲ ਨੇ ਸਿਰਲੇਖ ਵਿਚ ਵਰਤੇ ਸ਼ਬਦ 'ਸ੍ਰੀ' ਨੂੰ ਕਬੀਰ ਜੀਉ ਨਾਲ ਨਾ ਜੋੜ ਕੇ ਗਉੜੀ ਗੁਆਰੇਰੀ ਨਾਲ ਜੋੜਨਾ ਜ਼ਿਆਦਾ ਠੀਕ ਸਮਝਿਆ ਹੈ। ਇਸ ਕਿਰਿਆ ਵਿਚ ਹੀ ਰਾਗ ਗਉੜੀ ਦਾ ਇਕ ਹੋਰ ਮਿਸ਼ਰਤ ਰੂਪ 'ਰਾਗ ਗਉੜੀ ਗੁਆਰੇਰੀ ਸ੍ਰੀ' ਪੈਦਾ ਹੋ ਗਿਆ ਹੈ। ਜੇਕਰ ਡਾ: ਗਿੱਲ ਦੀ ਇਹ ਧਾਰਨਾ ਮੰਨ ਵੀ ਲਈ ਜਾਵੇ ਫਿਰ ਤਾਂ ਹੋਰ ਵੀ ਕਈ ਰਾਗਾਂ ਦੇ ਮਿਸ਼ਰਤ ਰੂਪ ਮਿਥੇ ਜਾ ਸਕਦੇ ਹਨ ਜਿਵੇਂ ਰਾਗ ਆਸਾ ਵਿਚ ਸਿਰਲੇਖ ਹਨ : 'ਆਸਾ ਸ੍ਰੀ' ਕਬੀਰ ਜੀਉ—ਗੁਰਚਰਣ ਲਾਗ ਹਮ ਬਿਨਵਤਾ ਪੂਛਤ (ਪੰਨਾ ੪੭੫); ਸਨਕ ਸਨੰਦ ਅੰਤ ਨਹੀ ਪਾਇਆ (ਧੰਨਾ ੪੭੮); ਪਾਤੀ ਤੋਰੈ ਮਾਲਿਨੀ (ਪੰਨਾ ੪੭੯) ਆਦਿ ਅਤੇ ਰਾਗ ਗੂਜਰੀ ਵਿਚ ਸ੍ਰੀ ਨਾਮਦੇਵ ਜੀ ਦਾ ਸ਼ਬਦ 'ਜੌ ਰਾਜੁ ਦੇਹਿ ਤ ਕਵਨ ਬਡਾਈ' (ਪੰਨਾ ੫੨੫), ਜਿਸਦਾ ਸਿਰਲੇਖ ਹੈ : 'ਗੂਜਰੀ ਸ੍ਰੀ ਨਾਮਦੇਵ ਜੀ ਕੇ ਪਦੇ ਘਰੁ ੧'। ਇਸ ਤਰ੍ਹਾਂ ਦੇ ਹੋਰ ਵੀ ਅਨੇਕਾਂ ਸ਼ਬਦ ਹਨ। ਜੇਕਰ ਰਾਗ ਗਉੜੀ ਵਿਚ ਡਾ: ਗਿੱਲ ਅਨੁਸਾਰ 'ਗਉੜੀ ਗੁਆਰੇਰੀ ਸ੍ਰੀ' ਕੋਈ ਮਿਸ਼ਰਤ ਰਾਗ ਹੈ ਤਾਂ ਹੋਰ ਰਾਗਾਂ ਵਿਚ ਆਏ ਸਿਰਲੇਖਾਂ ਦੇ ਅਧਾਰ ਉਤੇ 'ਆਸਾ ਸ੍ਰੀ' ਵੀ ਮਿਸ਼ਰਤ ਰਾਗ ਸਹਿਜੇ ਹੀ ਮਿਥੇ ਜਾ ਸਕਦੇ ਹਨ। ਕੀ ਸ਼ਬਦ 'ਸ੍ਰੀ' ਦੀ ਵਰਤੋਂ ਭਗਤਾਂ ਦੇ ਨਾਵਾਂ ਨਾਲ ਸਤਿਕਾਰ ਵਜੋਂ ਕੀਤੀ ਗਈ ਹੈ ਜਾਂ ਕਿ ਰਾਗਾਂ ਨਾਲ ਉਨ੍ਹਾਂ ਦੇ ਮਿਸ਼ਰਤ ਰੂਪ ਵਜੋਂ—ਇਸ ਗੱਲ ਦੀ ਪੁਸ਼ਟੀ ਤਾਂ ਵਿਦਵਾਨ ਸੰਗੀਤਾਚਾਰੀਆ ਹੀ ਕਰ ਸਕਦੇ ਹਨ।

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਪੰਜਾਬੀ ਵਿਭਾਗ ਦੇ ਸਾਬਕਾ ਮੁਖੀ ਡਾ: ਸੁਰਿੰਦਰ ਸਿੰਘ ਕੋਹਲੀ, ਜਿਨ੍ਹਾਂ ਦੀ ਪੀ.ਐਚ.ਡੀ. ਥੀਸਿਸ ਦਾ ਵਿਸ਼ਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਆਲੋਚਨਾਤਮਕ ਅਧਿਐਨ ਸੀ, ਅਨੁਸਾਰ ਰਾਗ ਗਉੜੀ ਦੇ ਕੇਵਲ ਅੱਠ ਹੀ ਮਿਸ਼ਰਤ ਰੂਪ ਹਨ। ਡਾ: ਜਾਗੀਰ ਸਿੰਘ, ਜਿਨ੍ਹਾਂ ਨੂੰ ਗੁਰਮਤਿ ਸੰਗੀਤ ਵਿਚ ਉਚੇਚੀ ਖੋਜ ਕਾਰਨ ਇਸ ਸਾਲ ਦੇ ਭਾਸ਼ਾ ਵਿਭਾਗ ਦੇ 'ਸ਼੍ਰੋਮਣੀ ਸਨਮਾਨ' ਨਾਲ ਨਿਵਾਜਿਆ ਗਿਆ ਹੈ, ਅਨੁਸਾਰ ਰਾਗ ਗਉੜੀ ਦੇ ੧੦ ਹੀ ਮਿਸ਼ਰਤ ਰੂਪ ਹਨ (ਇਨ੍ਹਾਂ ਨੇ ਰਾਗ ਗਉੜੀ ਮਾਲਵਾ ਨੂੰ ਨਹੀਂ ਸਵੀਕਾਰਿਆ)। ਖਾਲਸਾ ਕਾਲਜ ਅੰਮ੍ਰਿਤਸਰ ਦੇ ਸਿੱਖ ਇਤਿਹਾਸ ਖੋਜ ਵਿਭਾਗ ਦੇ ਸਾਬਕਾ ਮੁਖੀ ਡਾ: ਦਵਿੰਦਰ ਸਿੰਘ ਵਿਦਿਆਰਥੀ ਨੇ ਰਾਗ ਗਉੜੀ ਦੇ ੧੧ ਮਿਸ਼ਰਤ ਰੂਪ ਦੱਸੇ ਹਨ। ਡਾ: ਵਿਦਿਆਰਥੀ ਦੀ ਰਾਇ ਦੀ ਪੁਸ਼ਟੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਵੀ ਕੀਤੀ ਜਾ ਸਕਦੀ ਹੈ।

ਰਾਗ ਗਉੜੀ ਤੋਂ ਇਲਾਵਾ ਕੁਝ ਹੋਰ ਰਾਗਾਂ ਦੇ ਮਿਸ਼ਰਤ ਰੂਪ ਵੀ ਗੁਰਬਾਣੀ ਗਾਇਨ ਲਈ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿਤੇ ਹੋਏ ਹਨ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :—

ਆਸਾ ਕਾਫੀ, ਆਸਾਵਰੀ ਸੁਧੰਗ, ਆਸਾਵਰੀ, ਵਡਹੰਸ ਦਖਣੀ, ਤਿਲੰਗ ਕਾਫੀ, ਸੂਹੀ ਕਾਫੀ, ਸੂਹੀ ਲਲਿਤ ਬਿਲਾਵਲ ਦਖਣੀ, ਬਿਲਾਵਲ ਮੰਗਲ, ਬਿਲਾਵਲ ਗੋਂਡ, ਰਾਮਕਲੀ ਦੱਖਣੀ, ਨਟ, ਮਾਰੂ ਕਾਫੀ, ਮਾਰੂ ਦਖਣੀ, ਬਸੰਤ ਹਿੰਡੋਲ, ਕਲਿਆਨ ਭੋਪਾਲੀ, ਪ੍ਰਭਾਤੀ ਦੱਖਣੀ, ਪ੍ਰਭਾਤੀ ਬਿਭਾਸ, ਬਿਭਾਸ ਪ੍ਰਭਾਤੀ।

ਪ੍ਰੋ: ਤਾਰਾ ਸਿੰਘ ਅਤੇ ਡਾ: ਵਿਦਿਆਰਥੀ ਅਨੁਸਾਰ ਰਾਗ ਦੇਵਗੰਧਾਰ ਵੀ ਵਰਤਿਆ ਹੋਇਆ ਹੈ, ਪ੍ਰੰਤੂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵਾਲੀ ਪ੍ਰਚਲਤ ਬੀੜ ਵਿਚ ਅਜ਼ਿਹਾ


Sri Satguru Jagjit Singh Ji eLibrary NamdhariElibrary@gmail.com

ਕੋਈ ਰਾਗ ਸਾਨੂੰ ਨਹੀਂ ਮਿਲ ਸਕਿਆ। ਪ੍ਰੋ: ਤਾਰਾ ਸਿੰਘ ਦੱਸਦੇ ਹਨ ਕਿ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਹਿੰਡੋਲ ਅਤੇ ਬਿਭਾਸ ਵੀ ਵਰਤੇ ਗਏ ਹਨ। ਪ੍ਰਿੰ: ਹਰਿਭਜਨ ਸਿੰਘ ਅਨੁਸਾਰ ਲਲਿਤ, ਹਿੰਡੋਲ, ਭੋਪਾਲੀ ਅਤੇ ਬਿਭਾਸ ਵੀ ਵਰਤੇ ਗਏ ਹਨ। ਡਾ: ਗਿੱਲ ਮੁਤਾਬਿਕ ਰਾਗ ਰਾਮਕਲੀ ਅਨੰਦ, ਨਟ, ਨਟ ਨਾਰਾਇਨੁ, ਨਟ ਨਾਰਾਇਨੁ ਰਾਗਾਂ ਦੇ ਮਿਸ਼ਰਤ ਰੂਪਾਂ ਵਜੋਂ ਗੁਰਬਾਣੀ ਪ੍ਰਚਾਰਨ ਲਈ ਵਰਤੇ ਹੋਏ ਹਨ। ਡਾ: ਗਿੱਲ ਨੇ 'ਨਟ ਨਾਰਾਇਨੁ' ਤਾਂ ਪਹਿਲਾਂ ਹੀ ੩੧ ਰਾਗਾਂ ਵਿਚ ਗਿਣਿਆ ਹੋਇਆ ਸੀ, ਪ੍ਰੰਤੂ ਮਿਸ਼ਰਤ ਰੂਪਾਂ ਵਿਚ ਮੁੜ ਦੋ ਵਾਰ ਗਿਣਿਆ ਹੈ। ਇਕ ਵਾਰ ਨਰਾਇਨੁ ਅੰਤ 'ਨੁ' ਦੇ ਰੂਪ ਵਿਚ ਅਤੇ ਦੂਜੀ ਵੇਰ ਨਾਰਾਇਣੁ ਅੰਤ 'ਣੁ' ਨਾਲ ਲਿਖ ਕੇ। ਹੁਣ ਸਵਾਲ ਉਠਦਾ ਹੈ ਕਿ ੩੧ ਰਾਗਾਂ ਵਿਚ ਲਿਆ ਗਿਆ ਰਾਗ ਨਟ ਨਾਰਾਇਨੁ ਅਤੇ ਮਿਸ਼ਰਤ ਰੂਪ ਵਾਲੇ ਹੋਰ 'ਨਟ ਨਾਰਾਇਨੁ' ਅਤੇ 'ਨਟ ਨਾਰਾਇਣੁ' ਦੀ ਲੱੜੀਂਦੀ ਤਕਨੀਕੀ ਜਾਣਕਾਰੀ (ਥਾਠ, ਜਾਤੀ, ਸੁਰ, ਵਾਦੀ ਸੰਵਾਦੀ, ਆਰੋਹ, ਅਵਰੋਹ, ਪਕੜ ਆਦਿ) ਵਿਚ ਕੀ ਕੋਈ ਭੇਦ ਹੈ? ਸ਼ਾਇਦ ਡਾ: ਗਿੱਲ ਨੂੰ ਕੋਈ ਭੁਲੇਖਾ ਲੱਗਾ ਹੈ ਜਿਸ ਕਰਕੇ★

★ਰਾਗੁ ਨਟ ਨਾਰਾਇਨੁ ਤਿੰਨ ਵਾਰੀ ਗਿਣ ਲਿਆ ਗਿਆ ਹੈ।

ਅਧੁਨਿਕ ਖੋਜ ਰਾਹੀਂ ਇਹ ਪ੍ਰਮਾਣਿਤ ਹੋਇਆ ਕਿ ਗੁਰੂ ਸਾਹਿਬਾਨ ਅਤੇ ਭਗਤਾਂ ਨੇ ੩੧ ਰਾਗਾਂ ਤੋਂ ਇਲਾਵਾ ੩੧ ਮਿਸ਼ਰਤ ਰਾਗ ਗੁਰਬਾਣੀ ਨੂੰ ਪ੍ਰਚਾਰਨ ਲਈ ਵਰਤੋਂ ਵਿਚ ਲਿਆਂਦੇ ਹਨ। ਅਤੇ ਇੰਜ ਅਜਿਹੇ ਕੁਲ ਰਾਗਾਂ ਦਾ ਜੋੜ (੩੧ + ੩੧ = ੬੨) ਹੋ ਜਾਂਦਾ ਹੈ। ਡਾ: ਕੋਹਲੀ ਅਨੁਸਾਰ ਇਹ ਗਿਣਤੀ ੪੫ ਹੈ, ਪ੍ਰਿੰ: ਹਰਿਭਜਨ ਸਿੰਘ ਅਨੁਸਾਰ ੪੮; ਡਾ: ਵਿਦਿਆਰਥੀ ਅਨੁਸਾਰ ੬੦ ਅਤੇ ਡਾ: ਗਿੱਲ ਅਨੁਸਾਰ ਇਹ ਜੋੜ ੬੨ ਹੈ। ਹੁਣ ਜਦੋਂ ਅਸਾਂ ਰਾਗਾਂ ਦੀ ਗਿਣਤੀ ਬਾਰੇ ਫੈਸਲਾ ਕਰ ਹੀ ਲਿਆ ਤਾਂ ਸਾਨੂੰ ਵੱਖ ਵੱਖ ਗੁਰੂਆਂ ਅਤੇ ਭਗਤਾਂ ਰਚਿਤ ਬਾਣੀ ਦੀ ਗਿਣਤੀ ਵੀ ੩੧ ਰਾਗਾਂ ਦੀ ਥਾਂ ੬੨ ਰਾਗਾਂ ਅਨੁਸਾਰ ਕਰਨੀ ਹੋਵੇਗੀ। ਵਰਤਮਾਨ ਖੋਜ ਅਨੁਸਾਰ ਗੁਰੂ ਸਾਹਿਬਾਨ ਅਤੇ ਭਗਤਾਂ ਨੇ ਕਈ ਸ਼ੁੱਧ ਅਤੇ ਮਿਸ਼ਰਤ ਰਾਗਾਂ ਦੀ ਵਰਤੋਂ ਕੀਤੀ ਹੈ। ਪਾਠਕਾਂ ਦੀ ਜਾਣਕਾਰੀ ਲਈ ਅਜਿਹੇ ਸ਼ੁੱਧ ਅਤੇ ਮਿਸ਼ਰਤ ਰਾਗਾਂ ਦੀ ਗਿਣਤੀ ਹੇਠ ਦੇ ਰਹੇ ਹਾਂ:—

| | ਮਹਲਾ | | | | | | ਭਗਤ | | |
|---|---|---|---|---|---|---|---|---|---|
| | ੧ | ੨ | ੩ | ੪ | ੫ | ੯ | ਕਬੀਰ | ਰਵਿਦਾਸ | ਨਾਮਦੇਵ |
| ੩੧ ਰਾਗਾਂ ਦੇ ਅਧਾਰ ਤੇ ਵਰਤੇ ਰਾਗਾਂ ਦੀ ਗਿਣਤੀ | ੨੦ | ੯ | ੧੮ | ੩੦ | ੩੦ | ੧੫ | ੧੮ | ੧੫ | ੧੭ |
| ੩੧ ਮਿਸ਼ਰਤ ਰਾਗਾਂ ਦੇ ਅਧਾਰ ਤੇ ਹੋਰ ਵਰਤੇ ਰਾਗਾਂ ਦੀ ਗਿਣਤੀ | ੧੭ | — | ੭ | ੧੧ | ੧੪ | ੨ | ੮ | ੩ | ੨ |
| ੬੨ ਰਾਗਾਂ ਵਿਚ ਕੁਲ ਵਰਤੇ ਹੋਏ ਰਾਗਾਂ ਦੀ ਗਿਣਤੀ | ੩੭ | ੯ | ੨੫ | ੪੧ | ੪੪ | ੧੭ | ੨੬ | ੧੮ | ੧੯ |

ਡਾ: ਗਿਲ ਨੇ ਇਤਨੀ ਬਾਰੀਕਬੀਨੀ ਨਾਲ ਰਾਗਾਂ ਦੀ ਗਿਣਤੀ ਕਰਦੇ ਹੋਏ ਵੀ ਪਤਾ ਨਹੀਂ ਕਿਉਂ ਗੁਰੂਆਂ ਅਤੇ ਭਗਤਾਂ ਦੀ ਬਣੀ ਮੁੜ ੩੧ ਰਾਗਾਂ ਦੇ ਅਧਾਰ ਉਤੇ ਹੀ ਗਿਣੀ ਹੈ। ਉਨ੍ਹਾਂ ਅਨੁਸਾਰ ਮਹਲਾ ੧, ੩, ੪, ੫ ਅਤੇ ੯ ਦੀ ਬਾਣੀ ਕ੍ਰਮਵਾਰ ੧੯, ੧੭, ੩੦, ੩੦ ਅਤੇ ੧੫ ਰਾਗਾਂ ਵਿਚ ਹੀ ਪ੍ਰਚਾਰੀ ਹੋਈ ਹੋਈ ਹੈ। ਅਜਿਹੇ ਰਾਗਾਂ ਦੇ ਨਾਮ ਲਿਖਦੇ ਹੋਏ ਮਹਲਾ ੧ ਦੀ ਬਾਣੀ ਜੋ ਰਾਗ ਬਿਹਾਗੜਾ ਵਿਚ ਹੈ, ਡਾ: ਗਿੱਲ ਨੇ ਅੰਕਿਤ ਨਹੀਂ ਕੀਤੀ। ਇਸੇ ਪ੍ਰਕਾਰ ਮਹਲਾ ੩ ਦੀ ਬਾਣੀ ਦੇ ਵਿਸਥਾਰ ਵਿਚ ਰਾਗ ਆਸਾ ਅਤੇ ਰਾਗ ਬਿਹਾਗੜਾ ਦੇ ਨਾਮ ਛੱਡ ਦਿਤੇ ਗਏ ਹਨ। ਪਰੰਤੂ ਉਤੇ ਦਿਤੇ ਵੇਰਵੇ ਅਨੁਸਾਰ ਰਾਗਾਂ ਦੀ ਗਿਣਤੀ ਦੂਜੇ ਵਿਦਵਾਨਾਂ ਦੀ ਗਿਣਤੀ ਤੋਂ ਨਿਸ਼ਚੇ ਹੀ ਬਹੁਤ ਭਿੰਨ ਹੈ। ਸਹੀ ਤੌਰ ਉਤੇ ਮਹਲਾ ੧, ੨, ੩, ੪, ੫ ਅਤੇ ੯ ਦੀ ਬਾਣੀ ਕ੍ਰਮਵਾਰ ੩੭, ੯, ੨੫, ੪੧, ੪੪ ਅਤੇ ੧੭



Sri Satguru Jagjit Singh Ji eLibrary NamdhariElibrary@gmail.com

ਰਾਗਾਂ ਵਿਚ ਰਚੀ ਹੋਈ ਮਿਲਦੀ ਹੈ।

ਆਖਰੀ ਗੱਲ ਜਿਸ ਬਾਰੇ ਅਸੀਂ ਇਥੇ ਪਾਠਕਾਂ ਨਾਲ ਵਿਚਾਰ ਸਾਂਝੇ ਕਰਨਾ ਜ਼ਰੂਰੀ ਸਮਝਦੇ ਹਾਂ, ਉਹ ਹੈ ਆਦਿ ਗੁਰੂ ਗਰੰਥ ਸਾਹਿਬ ਵਿਚ ਵਰਤੇ ਗਏ ਅੰਕਾਂ ਬਾਰੇ। ਇਨ੍ਹ ਅੰਕਾਂ ਬਾਰੇ ਵੀ ਕੁਝ ਭੁਲੇਖੇ ਸਾਡੇ ਧਿਆਨ ਵਿਚ ਆਏ ਹਨ। ਇਹ ਅੰਕ ਸ਼ਬਦਾਂ ਦੇ ਸਿਰਲੇਖਾਂ ਹੇਠ ਕਿਤੇ ਕਿਤੇ ਦਰਜ ਮਿਲਦੇ ਹਨ। ਇਹ ਨਿਕੇ ਅੰਕ ਕੇਵਲ ਰਾਗ ਗਉੜੀ ਦੇ ੩੦ ਸਿਰਲੇਖਾਂ ਅਤੇ ਰਾਗ ਆਸਾ ਦੇ ੭ ਸਿਰਲੇਖਾਂ ਵਿਚ ਹੀ ਵਰਤੇ ਗਏ ਹਨ। ਇਨ੍ਹਾਂ ਅੰਕਾਂ ਵਾਲੇ ਸਿਰਲੇਖਾਂ ਨੂੰ ਗਹੁ ਨਾਲ ਵੇਖਿਆ ਪਤਾ ਲਗਦਾਂ ਹੈ ਕਿ ਸਿਰਫ਼ ਅੰਕ ੧, ੨, ੩, ੪, ੫, ੬, ੮ ਅਤੇ ੧੫ ਹੀ ਵਰਤੇ ਗਏ ਹਨ ਜਦੋਂ ਕਿ ਡਾ: ਗਿੱਲ ਨੇ ਕੇਵਲ ਰਾਗ ਗਉੜੀ ਵਿਚ ਹੀ ਇਨ੍ਹਾਂ ਨਿਕੇ ਅੰਕਾਂ ਦੀ ਵਰਤੋਂ ਹੋਈ ਦੱਸੀ ਹੈ ਅਤੇ ਇਹ ਵਰਤੋਂ ਵੀ ਕੇਵਲ ੧, ੨, ੩, ੪ ਅਤੇ ੬ ਅੰਕ ਤੀਕ ਹੀ ਸੀਮਤ ਹੈ। ਡਾ: ਗਿੱਲ ਦੇ ਮੱਤ ਅਨੁਸਾਰ ਇਸਦਾ ਅਰਥ ਇਹ ਹੋਇਆ ਕਿ ਰਾਗ ਗਉੜੀ ਦੇ ਸਿਰਲੇਖਾਂ ਵਿਚ ਅੰਕ '੫' ਦੀ ਵਰਤੋਂ ਨਹੀਂ ਹੋਈ। ਡਾ: ਗਿੱਲ ਅਨੁਸਾਰ ਇਹ ਅੰਕ ਬਾਣੀ ਦੇ ਗਾਇਨ ਨਾਲ ਸੰਬੰਧਤ ਹਨ। ਉਨ੍ਹਾਂ ਨੇ ਅੰਕਾਂ ਨੂੰ ਨਿਮਨ ਪੰਜ ਗਾਇਨ ਮੱਤਾਂ ਨਾਲ ਜੋੜਿਆ ਹੈ :—

੧. ਭਾਰਤ ਮੱਤ ੨. ਕ੍ਰਿਸ਼ਨ ਮੱਤ ੩. ਸ਼ਿਵ ਮੱਤ ੪. ਹਨੂੰਮਾਨ ਮੱਤ ੫. ਗੁਰਮਤਿ (ਜੋ ਗੁਰੂਆਂ ਨੇ ਚਲਾਇਆ)

ਜੇਕਰ ਉਪਰੋਕਤ ਅੰਕ ਸੰਗੀਤ ਦੇ ਮੱਤਾਂ ਨਾਲ ਸਬੰਧਤ ਹਨ ਤਾਂ ਅੰਕ '੬' ਨਾਲ ਸਬੰਧਤ ਮੱਤ ਕਿਹੜਾ ਹੈ ਅਤੇ ਦੂਜੇ, ਜਦੋਂ ਅੰਕ '੫' ਦੀ ਵਰਤੋਂ ਹੀ ਨਹੀਂ ਹੋਈ ਤਾਂ ਗੁਰਮਤਿ ਸੰਗੀਤ ਪੱਧਤੀ ਮੁਤਾਬਕ ਗਉੜੀ ਰਾਗ ਦਾ ਕੋਈ ਵੀ ਸ਼ਬਦ ਨਹੀਂ ਗਾਇਆ ਜਾ ਸਕਦਾ ਅਰਥਾਤ ਸਾਨੂੰ ਇਹ ਸ਼ਬਦ ਦੂਸਰੇ ਸੰਗੀਤਕ ਮੱਤਾਂ ਅਨੁਸਾਰ ਗਾਇਨ ਕਰਨੇ ਹੋਣਗੇ।

ਹੁਣ ਜਦੋਂ ਕਿ ਗੁਰਬਾਣੀ ਦੇ ਸਿਰਲੇਖਾਂ (ਰਾਗ ਗਉੜੀ ਅਤੇ ਰਾਗ ਆਸਾ ਵਿਚ ਅੰਕ ੧ ਤੋਂ ੧੫ ਤਕ ਦੀ ਵਰਤੋਂ ਹੋਈ ਮਿਲਦੀ ਹੈ ਤਦ ਡਾ: ਗਿੱਲ ਦੀ ਧਾਰਨਾ ਅਨੁਸਾਤ ਸਾਨੂੰ ਕੇਵਲ ਪੰਜ ਹੀ ਨਹੀਂ, ਬਲਕਿ ੧੫ ਸੰਗੀਤਕ ਮੱਤਾਂ ਦੀ ਖੋਜ ਕਰਨੀ ਹੋਵੇਗੀ ਜਿਨ੍ਹਾਂ ਅਨੁਸਾਰ ਗੁਰਬਾਣੀ ਦੇ ਇਹ ਸ਼ਬਦ ਗਾਇਨ ਕੀਤੇ ਜਾ ਸਕਣ।

ਪ੍ਰੋ: ਸਾਹਿਬ ਸਿੰਘ ਅਤੇ ਗਿ: ਹਰਬੰਸ ਸਿੰਘ ਅਨੁਸਾਰ ਇਹ ਅੰਕ, ਅੰਕ ਵਾਲੇ ਸਿਰਲੇਖ ਤੋਂ ਅਗੇ ਆਣ ਵਾਲੇ ਸ਼ਬਦਾਂ ਦੀ ਗਿਣਤੀ ਦਾ ਸੰਕੇਤ ਹਨ। ਇਸ ਸੇਧ ਨੂੰ ਲੈ ਕੇ ਸ਼ਬਦਾਂ ਦੀ ਗਿਣਤੀ ਕਰੀਏ ਤਾਂ ਇਹ ਧਾਰਨਾ ਪੂਰੀ ਤਰ੍ਹਾਂ ਪ੍ਰਮਾਣਿਤ ਨਹੀਂ ਹੁੰਦੀ। ੩੭ ਵਿਚੋਂ ਕੇਵਲ ੧੮ ਸਿਰਲੇਖਾਂ ਵਿਚ ਹੀ ਇਹ ਮਨੌਤ ਠੀਕ ਬੈਠਦੀ ਹੈ। ਪ੍ਰਿੰ: ਸਤਿਬੀਰ ਸਿੰਘ ਅਨੁਸਾਰ ਸਿਰਲੇਖਾਂ ਦੇ ਪੈਰਾਂ ਵਿਚ ਆਏ ਇਹ ਅੰਕ 'ਘਰੁ' ਦੇ ਲਖਾਇਕ ਹਨ। ਜਿਥੇ ਤਕ ਰਾਗ ਗਉੜੀ ਦੇ ਸਿਰਲੇਖਾਂ ਦਾ ਸਵਾਲ ਹੈ, ਪ੍ਰਿੰਸੀਪਲ ਸਾਹਿਬ ਦੇ ਨਿਰਣੈ ਨੂੰ ਕੋਈ ਕਿੰਤੂ ਨਹੀਂ ਕਰ ਸਕਦਾ, ਪ੍ਰੰਤੂ ਰਾਗ ਆਸਾ ਕਾਫੀ ਪੰਨਾ ੩੬੯ ਉਤੇ ਆਏ ਸ਼ਬਦ 'ਆਇਆ ਮਰਣੁ ਧੁਰਾਹੁ ਹਉਮੈ ਰੋਈਐ' ਦਾ ਸਿਰਲੇਖ ਹੈ, 'ਰਾਗੁ ਆਸਾ ਘਰੁ ੮ ਕਾਫੀ ਮਹਲਾ ੪'। ਇਸ ਸਿਰਲੇਖ ਦੇ ਪੈਰਾਂ ਵਿਚ ਅੰਕ ੨ ਹੈ। ਸੋ ਪ੍ਰਿੰਸੀਪਲ ਸਾਹਿਬ ਅਨੁਸਾਰ ਇਸ ਸ਼ਬਦ ਦਾ ਘਰੁ ਦੂਜਾ ਹੋਣਾ ਚਾਹੀਦਾ ਹੈ। ਪਰ ਸਿਰਲੇਖ ਵਿਚ ਗੁਰੂ ਰਾਮ ਦਾਸ ਪਾਤਸ਼ਾਹ ਜੀ ਦਾ ਘਰੁ ਬਾਰੇ ਬੜਾ ਸਪਸ਼ਟ ਸੰਕੇਤ ਹੈ ਕਿ ਇਹ ਅਠਵੇਂ ਘਰੁ ਦਾ ਸ਼ਬਦ ਹੈ। ਸੋ ਅੰਕਾਂ ਬਾਰੇ ਉਪਰੋਕਤ ਤਿੰਨੇ ਹੀ ਸੁਝਾਅ ਸਮਸਿਆ ਦਾ ਸਮਾਧਾਨ ਨਾ ਕਰਕੇ ਪਾਠਕਾਂ ਨੂੰ ਬਲਕਿ ਹੋਰ ਭੁਲੇਖੇ ਵਿਚ ਪਾਂਦੇ ਹਨ।

ਆਦਿ ਗੁਰੂ ਗਰੰਥ ਸਾਹਿਬ ਦੇ ਪੰਨਾ ੩੩੭,੩੩੮ ਉਤੇ ਭਗਤ ਕਬੀਰ ਜੀ ਦੇ ਰਾਗ ਗਉੜੀ ਵਿਚ ਜੋ ਸ਼ਬਦ ਆਂਦੇ ਹਨ, ਉਥੇ ਵੀ ਕੁਝ ਥਾਈਂ ਗਉੜੀ ਤੋਂ ਬਾਅਦ ਕੁਝ ਅੰਕ ਦਿਤੇ ਗਏ ਹਨ, ਜਿਵੇਂ ਗਉੜੀ ੯, ਗਉੜੀ ੧੧, ਗਉੜੀ ੧੨, ਗਉੜੀ ੧੩। ਇਨ੍ਹਾਂ ਅੰਕਾਂ ਦਾ ਕੀ ਤਾਤਪਰਜ ਹੈ, ਇਹ ਵੀ ਖੋਜ ਦਾ ਮੁਥਾਜ ਹੈ। ਇਸੇ ਤਰ੍ਹਾਂ ਰਾਗ ਬੱਧ ਗੁਰਬਾਣੀ ਵਿਚ 'ਘਰੁ' ਸਬੰਧੀ ਅੰਕ ੧ ਤੋਂ ੧੭ ਤਕ ਵਰਤੇ ਗਏ ਹਨ। 'ਘਰੁ' ਸ਼ਬਦ ਤੋਂ ਕੀ ਮੁਰਾਦ ਹੈ, ਇਸ ਬਾਰੇ ਵੀ ਵਿਦਵਾਨਾਂ ਅਤੇ ਗੁਰਮਤਿ ਸੰਗੀਤ ਦੇ ਵਿਸ਼ੇਸ਼ਗਾਂ ਵਿਚ ਭਾਰੀ ਮਤਭੇਦ ਹਨ। ਕੋਈ 'ਘਰੁ' ਨੂੰ ਤਾਲ ਨਾਲ ਜੋੜਦੇ ਹਨ ਅਤੇ ਕੁਝ ਸੁਰ ਨਾਲ। ਪਰ ਇਸ ਬਾਰੇ ਸਪਸ਼ਟ ਸੇਧ ਕੋਈ ਨਹੀਂ ਮਿਲਦੀ।

ਅੰਕਾਂ ਦੀ ਖੇਡ ਸਚਮੁਚ ਬੜੀ ਵਿਚਿਤਰ ਹੈ। ਗੁਰੂ ਘਰ ਵਿਚ ਧਾਰਨਾ ਹੈ ਕਿ ਗੁਰੂ ਵੀਹ ਵਿਸਵੇ ਅਤੇ ਸੰਗਤ ੨੧ ਵਿਸਵੇ। ਹੋ ਸਕਦਾ ਹੈ ਕੋਈ ਗੁਰਬਾਣੀ ਦੇ ਰਸੀਏ ਇਨ੍ਹਾਂ ਗੁਹਜਾਂ ਦਾ ਗਿਆਨ ਰਖਦੇ ਹੋਣ। ਸਾਡਾ ਇਸ ਲੇਖ ਨੂੰ ਲਿਖਣ ਦਾ ਮਨੋਰਥ ਹੀ ਇਹ ਹੈ ਕਿ ਇਨ੍ਹਾਂ ਅੰਕਾਂ, ਸ਼ਬਦ ਜੋੜਾਂ, ਰਾਗਾਂ ਅਤੇ ਘਰਾਂ ਬਾਰੇ ਜੋ ਅਸੰਗਤੀਆਂ ਵੇਖਣ ਵਿਚ ਆ ਰਹੀਆਂ ਹਨ, ਉਹ ਗੁਰੂ ਸੰਗਤ ਨਾਲ ਸਾਂਝੀਆਂ ਕੀਤੀਆਂ ਜਾਣ ਅਤੇ ਇਨ੍ਹਾਂ ਦੀ ਹੋਂਦ ਸਬੰਧੀ ਸਚਾਈ ਜਾਨਣ ਦੀ ਜਗਿਆਸਾ ਨੂੰ ਜਾਗਰੂਪ ਕੀਤਾ ਜਾਵੇ ਤਾਂ ਜੋ ਤਮਾਮ ਭਰਮ ਭੁਲੇਖੇ ਦੂਰ ਹੋ ਕੇ ਇਕ ਸਹੀ ਤੇ ਸੱਚੀ ਸੁਚੀ ਸੇਧ ਜਗਿਆ-ਸੂਆਂ ਅਤੇ ਗੁਰਬਾਣੀ ਦਾ ਪਾਠ ਤੇ ਗਾਇਨ ਕਰਨ ਵਾਲਿਆਂ ਨੂੰ ਪ੍ਰਾਪਤ ਹੋ ਸਕੇ। ਸਾਡੀ ਵਿਦਵਾਨ ਸੱਜਣਾ ਪ੍ਰਤੀ ਨਿਮਰ ਬਿਨੈ ਹੈ ਕਿ ਇਸ ਵਿਸ਼ੇ ਉਤੇ ਵਧੇਰੇ ਰੋਸ਼ਨੀ ਪਾ ਸਕਣ ਅਤੇ


Sri Satguru Jagjit Singh Ji eLibrary NamdhariElibrary@gmail.com

ਮਾਰਗ-ਦਰਸ਼ਨ ਕਰ ਸਕਣ ਤਾਂ ਉਨ੍ਹਾਂ ਦੀ ਪੰਥ ਪ੍ਰਤੀ ਇਕ ਮਹਾਨ ਅਤੇ ਉਸਾਰੂ ਸੇਵਾ ਹੋਵੇਗੀ।

**ਹਵਾਲੇ ਲਈ ਸਰੋਤ-ਪ੍ਰਕਾਸ਼ਨਾਵਾਂ ਦਾ ਵੇਰਵਾ :**


੧. ਪ੍ਰੋ: ਤਾਰਾ ਸਿੰਘ, ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੀ ਸੰਖਿਆ ਅਤੇ ਉਨ੍ਹਾਂ ਦਾ ਵਿਸ਼ਲੇਸਣਾਤਮਕ ਅਧਿਐਨ, ਨਾਨਕ ਪ੍ਰਕਾਸ਼ ਪਤ੍ਰਿਕਾ, ਜਿਲਦ ੧੯, ਅੰਕ ੨

੨. ਡਾ: ਦੇਵਿੰਦਰ ਸਿੰਘ ਵਿਦਿਆਰਥੀ, ਗੁਰਬਾਣੀ ਅਤੇ ਰਾਗ, ਖੋਜ ਪਤ੍ਰਿਕਾ, ਅੰਕ ੨੬

੩. ਡਾ: ਮਹਿੰਦਰ ਕੌਰ ਗਿੱਲ, ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ, ਨਿਊ ਏਜ ਬੁੱਕ ਸੈਂਟਰ, ਅੰਮ੍ਰਿਤਸਰ, ਦੂਜੀ ਛਾਪ, ੧੯੮੨

੪. ਡਾ: ਜਾਗੀਰ ਸਿੰਘ, ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸਬੰਧ, ਨਾਨਕ ਪ੍ਰਕਾਸ਼ ਪਤ੍ਰਿਕਾ ਜਿਲਦ ੨੩, ਅੰਕ ੨

੫. ਪ੍ਰੋ: ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਦਰਪਨ, ਰਾਜ ਪਬਲਿਸ਼ਰਜ਼, ਜਲੰਧਰ, ੧੯੮੭

੬. ਗਿ: ਹਰਬੰਸ ਸਿੰਘ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ, ਚੰਡੀਗੜ੍ਹ

੭. ਪ੍ਰਿੰ: ਹਰਿਭਜਨ ਸਿੰਘ, ਗੁਰਬਾਣੀ ਸੰਪਾਦਨ ਨਿਰਣੈ, ਚੰਡੀਗੜ੍ਹ

੮. ਪ੍ਰਿੰ: ਸਤਿਬੀਰ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰ-ਵਿਸਥਾਰ, ਜਲੰਧਰ


+

# ਦਸਮੇਸ਼ ਪਿਤਾ ਜੀ ਦੀ ਸ਼ਖਸੀਅਤ


ਨਿਰਵੈਰ ਸਿੰਘ 'ਅਰਸ਼ੀ

੨੦-ਪ੍ਰੀਤਮ ਰੋਡ, ਡੇਹਰਾਦੂਨ, (ਯੂ.ਪੀ.)


ਦਾਤਾ ਦਿਆਲ ਹੈਂ ਤੂੰ। ਸਾਹਿਬੇ-ਕਮਾਲ ਹੈਂ ਤੂੰ।
ਨੂਰੀ ਜਲਾਲ ਹੈਂ ਤੂੰ। ਅਣਬੁਝ-ਸਵਾਲ ਹੈਂ ਤੂੰ।

ਨੇਕੀ ਦਾ ਤੂੰ ਪਟਾਰਾ, ਅਜ਼ਮਤ ਦਾ ਤੂੰ ਮੁਨਾਰਾ,
ਦੁਸ਼ਟਾਂ ਦਾ ਕਾਲ ਹੈਂ ਤੂੰ, ਸੰਤਾਂ ਦੀ ਢਾਲ ਹੈਂ ਤੂੰ।

ਸ਼ਾਹਾਂ ਦਾ ਸ਼ਹਿਨਸ਼ਾਹ ਹੈਂ, ਦੀਨਾਂ ਦਾ ਖ਼ੈਰਖਾਹ ਹੈਂ,
ਜੋਗੇ ਦਾ ਤੂੰ ਮਲਾਹ ਹੈਂ, ਸੱਚ ਦੀ ਮਿਸਾਲ ਹੈਂ ਤੂੰ।

ਸਰਬੰਸ ਵਾਰਿਆ ਹੈ, ਪਰ ਦਿਲ ਨਾ ਹਾਰਿਆ ਹੈ,
ਸਮਸਤ ਜਗਤ ਅੰਦਰ, ਇਕੋ ਮਿਸਾਲ ਹੈਂ ਤੂੰ।

ਤੇਰੀ ਅਜਬ ਜ਼ਿੰਦਗਾਨੀ, ਕੋਈ ਦੂਸਰਾ ਨਾ ਸਾਨੀ,
ਤੂੰ ਨੂਰੀ, ਤੂੰ ਰੱਬਾਨੀ, ਆਖਿਰ ਅਕਾਲ ਹੈਂ ਤੂੰ।

ਗਿੱਦੜਾਂ ਨੂੰ ਸ਼ੇਰ ਕੀਤਾ, ਕਾਇਰ ਦਲੇਰ ਕੀਤਾ,
ਜ਼ਾਲਿਮ ਨੂੰ ਜ਼ੇਰ ਕੀਤਾ, ਸ਼ਕਤੀ ਹਿਮਾਲ ਹੈਂ ਤੂੰ।

ਤੂੰ ਰਹਿਮਤਾਂ ਦੀ ਬਾਰਸ਼, ਢਹਿੰਦੇ ਦਿਲਾਂ ਦੀ ਢਾਰਸ,
ਨਾਨਕ ਦਾ ਦਸਵਾਂ ਵਾਰਸ, ਗੁਜਰੀ ਦਾ ਲਾਲ ਹੈਂ ਤੂੰ।


DO YOU WANT ATTRACTIVE PRINTING :

**For Letter Pads, Bill Books, Cash Memos, Receipts, Visiting Cards, Rate Lists, Forms, Marriage Card & Titles of Books & Magazines Etc. Multicolour Block and Type Printing on Art Paper. and other Jobs.**

Then kindly contact please :

**NAMDHARI PRINTERS**

**(WARIAM PRESS)**

**Ladowali Road, Opp. Jalandhar Ex-Servicemen Transport,**
**JALANDHAR-144001.**





Sri Satguru Jagjit Singh Ji eLibrary NamdhariElibrary@gmail.com

# ਕਪੜਿਆਂ ਦਾ ਕਲਾਕਾਰ

—ਜਗਦੀਸ਼ ਸਿੰਘ

ਸਤਿਗੁਰੂ ਜਗਜੀਤ ਸਿੰਘ ਜੀ ਦੇ ਖੱਦਰ ਦੇ ਵਸਤਰਾਂ ਦੀ ਸੁੰਦਰ ਸਲਾਈ ਕਟਾਈ ਵੇਖ ਕੇ ਦਰਸ਼ਕ ਦਾ ਪੁਛਣ ਨੂੰ ਜੀ ਕਰਦਾ ਹੈ ਕਿ ਇਹੋ ਜਿਹੇ ਵਸਤਰ ਕਿਥੇ ਬਣਦੇ ਹਨ ।

ਜਦੋਂ ਕਦੇ ਦੂਰਦਰਸ਼ਨ ਤੋਂ ਭਾਰਤ ਦੇ ਗ੍ਰਹਿ ਮੰਤਰੀ ਸ: ਬੂਟਾ ਸਿੰਘ ਨੂੰ ਚਿੱਟੇ ਕੁੜਤੇ ਅਤੇ ਚੂੜੀਦਾਰ ਪਜਾਮੇ ਨਾਲ ਵੇਖਦਾ ਹਾਂ ਤਾਂ ਅਕਸਰ ਇਕ ਹੋਰ ਬੰਦਾ ਯਾਦ ਆਉਂਦਾ ਹੈ ਸੰਤ ਜਸਵੰਤ ਸਿੰਘ ਟੇਲਰ ਮਾਸਟਰ । ਕਾਰਨ ਇਹ ਕਿ ਗ੍ਰਹਿ ਮੰਤਰੀ ਦੇ ਕੁੜਤੇ ਉਪਰ ਕਈ ਵਾਰ ਲਗੇ ਮਲ੍ਹੇ ਇਹ ਦੱਸ ਦਿੰਦੇ ਹਨ ਕਿ ਇਹਨਾਂ ਨੂੰ ਜਸਵੰਤ ਸਿੰਘ ਦੇ ਕਲਾਮਈ ਹੱਥਾਂ ਦੀ ਛੋਅ ਪ੍ਰਾਪਤ ਹੈ ।

ਵਡੇ ਸਿਆਸੀ ਦਾਇਰਿਆਂ ਵਿਚ ਵਿਚਰਦਿਆਂ ਸ: ਹਰਵਿੰਦਰ ਸਿੰਘ ਹੰਸਪਾਲ ਮੈਂਬਰ ਰਾਜ ਸਭਾ ਦੇ ਕੁੜਤੇ ਪਜਾਮੇ ਨਾਲ ਫਬੀ ਸ਼ਾਹੀ ਸ਼ਖਸੀਅਤ ਨੂੰ ਵੇਖ ਕੇ ਵਡੇ ਵਡੇ ਨੇਤਾ ਇਹਨਾਂ ਕੋਲੋਂ ਕਪੜਿਆਂ ਦੀ ਸਿਲਾਈ ਦਾ ਸਰੋਤ ਪੁਛਦੇ ਹਨ । ਹੰਸਪਾਲ ਜੀ ਇਸ ਕਾਰਜ ਵਿਚ ਯਥਾ ਜੋਗ ਉਹਨਾਂ ਦੀ ਮਦਦ ਕਰਨ ਵਾਸਤੇ ਸੰਤ ਜਸਵੰਤ ਸਿੰਘ ਹੋਰਾਂ ਨੂੰ ਸਿਫਾਰਸ਼ ਕਰਦੇ ਹਨ ।

ਸੰਨ ੧੯੮੫ ਵਿਚ ਮੈਂ ਤਨਜ਼ਾਨੀਆ ਗਿਆ । ਉਥੇ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਬਹੁਤ ਸਾਰੀਆਂ ਸੰਗਤਾਂ ਗਈਆਂ ਸਨ । ਹੋਲੇ ਦਾ ਸਮਾਗਮ ਸੀ । ਅਸੀਂ ਪਹਿਲਾਂ ਪੁਜੇ ਸੀ ਤੇ ਸਾਡੇ ਸੁਆਗਤ ਕਰਨ ਵਾਲਿਆਂ ਚੋਂ ਐਸੇ ਨੌਜੁਆਨ ਵੀ ਸਨ ਜਿਹਨਾਂ ਦੇ ਪਹਿਰਾਵੇ ਅੰਗਰੇਜ਼ੀ ਤਰਜ਼ ਦੇ ਪੈਂਟ ਸ਼ਰਟ ਸਨ । ਪਰ ਰੋਜ਼ ਕੁਝ ਜੁਆਨ ਸਮਾਰਟ ਨਾਮਧਾਰੀ ਡਰੈਸ ਦੇ ਧਾਰਨੀ ਬਣਦੇ ਜਾਣ ਅਤੇ ਕੁਝ ਹੀ ਦਿਨਾਂ ਵਿਚ ਸਭ ਦੇ ਵਸਤਰ ਨਾਮਧਾਰੀ ਕਾਟ ਦੇ ਸਨ । ਕਾਰਨ ਇਹ ਸੀ ਕਿ ਇਕ ਘਰ ਦੇ ਕਮਰੇ ਵਿਚ ਜਸਵੰਤ ਸਿੰਘ ਆਪਣੀ ਮਸ਼ੀਨ ਅਤੇ ਕੈਂਚੀ ਲੈ ਕੇ ਬੈਠੇ ਸਨ ਅਤੇ ਉਹ ਅਪਣੀ ਸੂਝਬੂਝ ਅਤੇ ਕਲਾਮਈ ਹੱਥਾਂ ਨਾਲ ਕਪੜੇ ਨੂੰ ਉਹ ਸ਼ਕਲ ਦਿੰਦੇ ਸਨ ਕਿ ਬਦੋਬਦੀ ਉਸ ਨੂੰ ਗਲ ਪਾਉਣ ਦੀ ਲਾਲਸਾ ਪੈਦਾ ਹੋ ਜਾਂਦੀ ਸੀ ।

ਨਾਮਧਾਰੀ ਕੁੜਤਿਆਂ ਦੀ ਵਿਸ਼ੇਸ਼ ਕਟਾਈ ਅਤੇ ਸਿਲਾਈ ਇਕ ਵਿਸ਼ੇਸ਼ ਕਲਾ ਹੈ । ਸ੍ਰੀ ਭੈਣੀ ਸਾਹਿਬ ਦੇ ਵਾਸੀ ਸੰਤ ਅਨੰਤਾ ਸਿੰਘ-ਸੰਤ ਜਗਤ ਸਿੰਘ ਭਰਾਵਾਂ ਦਾ ਪਰਿਵਾਰ ਅਤੇ ਹੋਰ ਕਲਾਕਾਰ ਸਿੰਘ ਇਸ ਦੇ ਵਧੀਆ ਮਾਹਰ ਹਨ । ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦੀ ਵਿਸ਼ੇਸ਼ ਕਿਰਪਾ ਅਤੇ ਦੇਖ ਰੇਖ ਵਿਚ ਇਸ ਵਿਸ਼ੇਸ਼ ਤਰਜ਼ ਦੀ ਇਹ ਕਾਟ ਪਰਵਾਨ ਚੜ੍ਹੀ ਹੈ ਬਹੁਤ ਸਾਰੇ ਕਾਰੀਗਰ ਇਸ ਕਲਾ ਦੇ ਮਾਹਿਰ ਹਨ ਵਿਦੇਸ਼ ਵਿਚ ਵੀ ਹਨ ਪਰ ਜਸਵੰਤ ਸਿੰਘ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਦਿੱਲੀ ਵਿਚ



ਸ: ਜਸਵੰਤ ਸਿੰਘ
ਨਾਮਧਾਰੀ ਟੇਲਰ

ਸਥਾਪਤ ਹੋਣ ਦਾ ਉਚੇਚਿਆਂ ਆਦੇਸ਼ ਦਿਤਾ ਅਤੇ ਓਹਨਾਂ ਦੇ ਹੱਥ ਵਿਚ ਉਹ ਸਿਫਤ ਦਿਤੀ ਹੈ ਕਿ ਅੰਤਰਾਸ਼ਟਰੀ ਪੱਧਰ ਤੇ ਇਹਨਾਂ ਕੋਲ ਸਿਲਾਈ ਦਾ ਕੰਮ ਆਉਂਦਾ ਹੈ ।

ਪਿਛੇ ਜਿਹੇ ਮੈਂ ਇਹਨਾਂ ਦੇ ਨਿਵਾਸ ਅਸਥਾਨ ਵਿਸ਼ਨੂੰ ਗਾਰਡਨ ਵਿਚ ਆਪਣੇ ਸੀਤੇ ਕਪੜੇ ਲੈਣ ਗਿਆ । ਅੱਧਾ ਘੰਟਾ ਹੋਰ ਲੋੜੀਂਦਾ ਸੀ । ਸ: ਜਸਵੰਤ ਸਿੰਘ ਕੋਲ ਇਕ ਹੋਰ ਕਲਾ ਹੈ ਗਲਬਾਤ ਕਰਨ ਦੀ ਇਹਦੇ ਨਾਲ ਉਹ ਗਾਹਕ ਨੂੰ ਪਤਾ ਨਹੀਂ ਲਗਣ ਦਿੰਦੇ ਕਿ ਕਦੋਂ ਵਕਤ ਬੀਤ ਗਿਆ ਹੈ । ਜੇ ਮੈਨੂੰ ਪਤਾ ਹੁੰਦਾ ਕਿ ਡੇਢ ਘੰਟਾ ਉਡੀਕਣਾ ਹੈ ਤਾਂ ਸ਼ਾਇਦ ਮੈਂ ਅੱਧੇ ਘੰਟੇ ਲਈ ਨਾ ਬੈਠਦਾ । ਜੇ ਮੈਂ ਨਾ ਬੈਠਦਾ ਤਾਂ ਆਹ ਗਲਾਂਬਾਤਾਂ ਵੀ ਨਾ ਹੁੰਦੀਆਂ ।

? ਜਸਵੰਤ ਸਿੰਘ ਜੀ ਤੁਹਾਡਾ ਜਨਮ ਕਦੋਂ ਹੋਇਆ ?

—੧੦ ਅਸੂ ਸੰਮਤ ੧੯੯੫ ਬਿਕਰਮੀ

ਅਸਾ ਦੋਹਾਂ ਨੇ ਅੰਦਾਜ਼ਾ ਲਾਇਆ ਕਿ ਅੰਗਰੇਜ਼ੀ ਸਾਲ ੧੯੩੯ ਦੀ ਸਤੰਬਰ ਦਾ ਆਖਰੀ ਹਫਤਾ ਹੋਵੇਗਾ ।

? ਤੁਹਾਡੀ ਸਮਕਾਲੀ ਹਾਲਤਾਂ ਬਾਰੇ ਦਿਲਚਸਪੀ ਹੁੰਦੀ ਹੈ । ਖਬਰਾਂ ਲੇਖਾਂ ਬਾਰੇ ਅਤੇ ਇਹਨਾਂ ਨੂੰ ਲਿਖਣ ਵਾਲਿਆਂ ਬਾਰੇ ਵੀ । ਸਾਹਿਤ ਵਿਚ ਵੀ ਰੁਚੀ ਹੈ ਤੇ ਖੇਡਾਂ ਦਾ ਵੀ ਸ਼ੌਕ ਹੈ । ਤੁਸਾਂ ਸਕੂਲੀ ਪੜ੍ਹਾਈ ਕਿੰਨੀ ਕੁ ਕੀਤੀ ਹੈ ?

—ਮੈਂ ਭੈਣੀ ਸਾਹਿਬ ਚਾਰ ਜਮਾਤਾਂ ਪੜ੍ਹਿਆ ਹਾਂ, ਭੈਣੀ ਸਾਹਿਬ ਕੋਲ ਕਟਾਣੀ ਕਲਾਂ ਵਿਚ ਪੰਜਵੀਂ ਛੇਵੀਂ ਕੀਤੀ । ਸਤਵੀਂ ਦਿੱਲੀ ਵਿਚ ਤੇ ਮੇਰੀ ਸਕੂਲੀ ਪੜ੍ਹਾਈ ਸਮਾਪਤੀ ਹੋ ਗਈ ।

? ਦਿੱਲੀ ਕਿਵੇਂ ਆ ਗਏ ?

—ਇਥੇ ਭਰਾ ਰਹਿੰਦੇ ਸਨ ।



Sri Satguru Jagjit Singh Ji eLibrary NamdhariElibrary@gmail.com

? ਕਦੋਂ ਤੋਂ

—੧੯੬੬ ਤੋਂ, ਪਰ ਆਹ ਸਿਲਾਈ ਦਾ ਕੰਮ ਨਹੀਂ ਸੀ ਕਰਦਾ।

? ਭਾਵੇਂ ਤੁਹਾਡਾ ਸਿਲਾਈ ਦਾ ਕੰਮ ਕਰਨਾ ਤਾਂ ਘਰ ਦੀ ਗੰਗਾ ਵਿਚ ਨਹਾਉਣ ਬਰਾਬਰ ਹੀ ਹੈ ਪਰ ਫੇਰ ਵੀ ਇਸ ਦੀ ਸ਼ੁਰੂ ਤੋਂ ਹੁਣ ਤਕ ਦੇ ਸਫਰ ਦੀ ਕਹਾਣੀ ਤਾਂ ਜ਼ਰੂਰ ਹੋਵੇਗੀ।

—ਮੈਂ ਕੰਮ ਤਾਂ ਬਾਪੂ ਜੀ (ਪਿਤਾ ਸੰਤ ਅਨੰਤਾ ਸਿੰਘ ਜੀ) ਪਾਸੋਂ ਹੀ ਸਿਖਿਆ ਹੈ। ਸਤਿਗੁਰੂ ਜੀ ਦੇ ਹੁਕਮ ਨਾਲ ਬਾਪੂ ਜੀ ਸ੍ਰੀ ਜੀਵਨ ਨਗਰ ਰਹਿੰਦੇ ਹੁੰਦੇ ਸੀ ਉਥੋਂ ਮੈਂ ਵੀ ਤਾਲੀਮ ਹਾਸਲ ਕੀਤੀ। ਮੈਂ ਕਢਾਈ ਦਾ ਕੰਮ ਸਿਲਮੇ ਸਿਤਾਰੇ ਆਦਿ ਵੀ ੨੫ ਸਾਲ ਕੀਤਾ ਹੈ। ਹੁਣ ਵਾਲੀ ਕਰੋਲ ਬਾਗ ਵਾਲੀ ਦੁਕਾਨ ਤੇ ਇਹ ਕੰਮ ਕਰਦਾ ਰਿਹਾ ਹਾਂ। ਸੰਨ ੧੯੬੬ ਨੂੰ ਪਹਿਲਾਂ ਦਿੱਲੀ ਆਇਆ। ਮੈਨੂੰ ਪਹਿਲਾਂ ਮਹਾਰਾਜ ਬੀਰ ਸਿੰਘ ਜੀ ਨੇ ਹੁਕਮ ਕੀਤਾ ਕਿ ਤੂੰ ਦਿੱਲੀ ਵਿਚ ਸਲਾਈ ਸ਼ੁਰੂ ਕਰ। ਉਦੋਂ ਮੈਂ ਨਾ ਕੀਤਾ। ਫੇਰ ਮੇਰਾ ਐਕਸੀਡੈਂਟ ਹੋਇਆ ਦਿਮਾਗੀ ਚੋਟ ਸੀ ਮਸ਼ੀਨਾਂ ਕੋਲ ਨਹੀਂ ਸੀ ਬੈਠ ਸਕਦਾ ਮੈਂ ਸਮਝਿਆ ਹੁਕਮ ਅਦੂਲੀ ਕਰਕੇ ਹੋਇਆ ਹੈ। ਸੰਨ ੧੯੭੬ ਨੂੰ ਸ੍ਰੀ ਭੈਣੀ ਸਾਹਿਬ ਸਤਿਗੁਰੂ ਜਗਜੀਤ ਸਿਘ ਜੀ ਨੇ ਹੁਕਮ ਕੀਤਾ ਕਿ ਤੂੰ ਦਿੱਲੀ ਦੀ ਸੰਗਤ ਦਾ ਕੰਮ ਕਰ ਦਿੱਲੀ ਵਿਚ ਰਹਿ ਕੇ। ਇਥੇ ਕਰੋਲ ਬਾਗ ਦੀ ਜਗਹ ਪੁਰਾਣੀ ਕਢਾਈ ਦੇ ਕੰਮ ਦੀ ਤਾਂ ਹੈ ਹੀ ਸੀ। ਇਥੇ ਸਿਲਾਈ ਦਾ ਕੰਮ ਸ਼ੁਰੂ ਕੀਤਾ।

? ਤੁਹਾਡੇ ਸੀਤੇ ਕਪੜੇ ਸੋਹਣੇ ਫੱਬਦੇ ਹਨ। ਤੁਸੀਂ ਕੰਮ ਕਰਕੇ ਕਿਹੜੀ ਦ੍ਰਿਸ਼ਟੀ ਰਖਦੇ ਹੋ ਜਾਂ ਕਿਨਾ ਗੱਲਾਂ ਕਾਰਨ ਕਪੜੇ ਚੰਗੇ ਕਟੇ ਸੀਵੇਂ ਜਾਂਦੇ ਹਨ।

—ਸਭ ਤੋਂ ਪਹਿਲਾਂ ਤਾਂ ਗੁਰੂ ਜੀ ਦੀ ਕ੍ਰਿਪਾ ਹੈ ਅਤੇ ਇਹ ਹੀ ਸ੍ਰੇਸ਼ਟ ਗੱਲ ਹੈ ਹੋਰ ਮੈਂ ਕੁਝ ਨਹੀਂ ਸਮਝਦਾ ਬੰਦੇ ਵਿਚਾਰੇ ਦੀ ਕੋਈ ਜਾਹ ਨਹੀਂ। ਉਂਜ ਕਪੜਾ ਤਿਆਰ ਕਰਨ ਸਮੇਂ ਕਪੜੇ ਪਾਉਣ ਵਾਲੇ ਦਾ ਸਰੀਰ, ਸ਼ਖਸੀਅਤ ਸਾਰੀ ਹੀ ਮੇਰੇ ਦਿਮਾਗ ਵਿਚ ਘੁਮਦੀ ਹੈ। ਹਾਂ ਮਿਹਨਤ ਅਭਿਆਸ ਵੀ ਜ਼ਰੂਰੀ ਹੈ। ਮੇਰੀ ਲਗਨ ਹੁੰਦੀ ਹੈ ਕਿ ਜਿਹੜਾ ਵੀ ਇਹ ਕਪੜੇ ਪਾਵੇ ਉਹਨੂੰ ਬਹੁਤ ਫਬਵੇਂ ਲਗਣ। ਮੈਂ ਕਪੜੇ ਗਲ ਪੁਆ ਕੇ ਇਵੇਂ ਦੇਖਦਾ ਹਾਂ ਜਿਵੇਂ ਕੋਈ ਕਲਾਕਾਰ ਅਪਣੀ ਬਣਾਈ ਹੋਈ ਤਸਵੀਰ ਨੂੰ ਵੇਖਦਾ ਹੋਵੇ। ਇਹਨੂੰ ਹੁਨਰ ਕਹਿ ਲਵੋ ਰੁਜ਼ਗਾਰ ਕਹਿ ਲਵੋ ਪਰ ਮੇਰੇ ਵਾਸਤੇ ਇਹ ਕਲਾ ਵੀ ਹੈ।

? ਤੁਹਾਡੇ ਦੁਆਰਾ ਤਿਆਰ ਕੀਤੇ ਕਪੜੇ ਬਹੁਤ ਸਾਰੇ ਲੋਕ ਪਹਿਨਦੇ ਹਨ ਕੁਝ ਸ਼ਖਸੀਅਤਾਂ ਦੇ ਨਾਮ ਲਵੋਗੇ।

—ਸਭ ਤੋਂ ਪਹਿਲਾਂ ਤਾਂ ਸਤਿਗੁਰੂ ਜੀ (ਸਤਿਗੁਰੂ ਜਗਜੀਤ ਸਿੰਘ) ਜੀ ਕ੍ਰਿਪਾ ਕਰਦੇ ਹਨ ਜੋ ਮੈਥੋਂ ਇਹ ਕਾਰਜ ਕਰਵਾਉਂਦੇ ਹਨ ਅਪਣੇ ਬਸਤਰ ਸਿਲਾਉਣ ਦਾ। ਫੇਰ ਮਹਾਰਾਜ ਬੀਰ ਸਿੰਘ ਜੀ, ਅਰਥਾਤ ਸਰਬਤ ਗੁਰੂ ਪਰਿਵਾਰ ਹੈ। ਹੰਸਪਾਲ ਜੀ ਹਨ, ਕਵੀ ਜੀ ਹਨ ਥਾਈਲੈਂਡ, ਅਫਰੀਕਾ ਇੰਗਲੈਂਡ ਦੇ ਸਿੰਘ ਹਨ। ਹੁਣ ਕਿਸਦਾ ਨਾਮ ਨਾ ਲਵਾਂ ਤੇ ਕਿਸ ਦਾ ਲਵਾਂ।

? ਅੱਜ ਦੇ ਸਿਆਸੀ ਲੀਡਰਾਂ ਚੋਂ।

—ਸ: ਬੂਟਾ ਸਿੰਘ ਜੀ ਗ੍ਰਹਿ ਮੰਤਰੀ ਭਾਰਤ ਸਰਕਾਰ, ਸ: ਮਹਿੰਦਰ ਸਿੰਘ ਗਿੱਲ ਸ: ਗੁਰਦਿਆਲ ਸਿੰਘ ਢਿਲੋਂ ਕੇਵਲ ਪਜਾਮਾ ਹੀ।...

? ਇਹਨਾਂ ਚੋਂ ਕੋਈ ਤੁਹਾਡੀ ਛੋਟੀ ਜਿਹੀ ਦੁਕਾਨ ਤੇ ਵੀ ਆਇਆ।

—ਹਾਂ ਢਿਲੋਂ ਸ਼ਾਹਿਬ ਨੂੰ ਗਿੱਲ ਹੋਰੀਂ ਨਾਲ ਲੈ ਕੇ ਆਏ ਸਨ। ਗਿੱਲ ਹੋਰੀਂ ਤਾਂ ਆਉਂਦੇ ਹੀ ਹਨ। ਮੇਰੀ ਚੁਬਾਰੇ ਵਾਲੀ ਦੁਕਾਨ ਦੀ ਲਕੜੀ ਦੀ ਪੌੜੀ ਚੜ੍ਹਨਾ ਮੁਸ਼ਕਲ ਹੁੰਦਾ ਹੈ ਪਰ ਉਹ ਫਿਰ ਵੀ ਆਏ ਸਨ।

? ਤੇ ਗਿਆਨੀ ਜ਼ੈਲ ਸਿੰਘ ਜੀ ਦੇ ਕਪੜੇ ਤੁਸੀਂ ਨਹੀਂ ਸੀਤੇ।

—ਨਹੀਂ ਮੌਕਾ ਨਹੀਂ ਬਣਿਆ। ਗਿਆਨੀ ਜੀ ਦੀ ਇਛਾ ਰਹੀ ਹੈ। ਖ਼ਾਸ ਬੰਦਿਆਂ ਰਾਹੀਂ ਸੁਨੇਹੇ ਵੀ ਆਏ। ਉਹਨਾਂ ਦੇ ਅਮਲੇ ਵਿਚ ਕੰਮ ਕਰਦੇ ਪੰਛੀ ਜੀ ਨੇ ਦਸਿਆ ਕਿ ਗਿਆਨੀ ਜੀ ਤੁਹਾਥੋਂ ਪਜਾਮਾ ਸਿਲਾਨਾ ਚਾਹੁੰਦੇ ਹਨ ਪਰ ਹੋ ਨਹੀਂ ਸਕਿਆ।

? ਤੁਹਾਡੇ ਹੋਰ ਸ਼ੌਕ ਕੀ ਹਨ ?

—ਤੁਹਾਨੂੰ ਪਤਾ ਹੀ ਹੈ। ਮੈਂ ਸੰਗੀਤ ਕਾਨਫਰੰਸਾਂ ਜ਼ਰੂਰ ਸੁਨਣ ਦਾ ਸ਼ੌਕੀਨ ਹਾਂ। ਖੇਡਾਂ ਅਤੇ ਮੈਚ ਵੇਖਣ ਵਿਚ ਮੇਰੀ ਬਹੁਤ ਰੁਚੀ ਹੈ। ਦੇਸ਼ ਵਿਦੇਸ਼ ਦੀ ਖਬਰ ਸੁਨਣ ਦਾ ਬਹੁਤ ਚਾਅ ਹੈ! ਲੋਕਾਂ ਬਾਰੇ ਜਾਣਕਾਰੀ ਰਖਣ ਦੀ ਗੱਲ ਤੁਸੀਂ ਆਪ ਕਰਦੇ ਹੋ ਇਹ ਗੱਲ ਤੁਸਾਂ ਮੈਨੂੰ ਦੱਸ ਦਿੱਤੀ ਹੈ। ਪੜ੍ਹਨ ਦਾ ਸ਼ੌਕ ਵੀ ਹੈ। ਚੰਗੀਆਂ ਲਿਖੀਆਂ ਚਿੱਠੀਆਂ ਵੀ ਸਾਂਭ ਕੇ ਰਖਦਾ ਹਾਂ।

? ਤੁਸੀਂ ਆਪਣੇ ਗੁਣਾਂ ਦੀ ਵਰਾਸਤ ਬਾਰੇ ਕੀ ਸੋਚਿਆ ਹੈ।

—ਮੈਂ ਅਗੋਂ ਬੱਚਿਆ ਨੂੰ ਸਿਖਾ ਰਿਹਾ ਹਾਂ। ਪੜ੍ਹਾਈ ਦੇ ਨਾਲ ਉਹ ਮੇਰਾ ਹੱਥ ਵਟਾ ਰਹੇ ਹਨ।

? ਤੁਹਾਡੇ ਘਰੋਂ ਤੁਹਾਡਾ ਹੱਥ ਵਟਾਉਂਦੇ ਹਨ।

—ਮੇਰੇ ਘਰੋਂ ਸ੍ਰੀਮਤੀ ਹਰਿੰਦਰ ਕੌਰ ਮੇਰਾ ਹੱਥ ਹੀ ਨਹੀਂ ਵਟਾਉਂਦੇ ਇਹਨਾਂ ਬਹੁਤ ਹਿੰਮਤ ਨਾਲ ਮੇਰਾ ਸਾਥ ਦਿਤਾ ਹੈ ਮੇਰੀ ਮਦਦ ਕੀਤੀ ਹੈ। ਇਸ ਕੰਮ ਨੂੰ ਇਥੋਂ ਤਕ ਪਹੰਚਾਣ ਵਿਚ ਉਹਨਾਂ ਬਹੁਤ ਘਾਲਣਾ ਘਾਲੀ ਹੈ। +



Sri Satguru Jagjit Singh Ji eLibrary NamdhariElibrary@gmail.com

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**RAJPAL**

# The Leading Name in Construction Machinery



CONCRETE MIXER 10/7 CFT

Manufacturers of

- **Concrete Mixers of all Sizes**
- **Pan Mixers**
- **Vibrators of all Types**
- **Tower Hoists**
- **Hydraulic Press**
- **Spare Parts of all Makes Concrete Mixers**



CONCETE MIXER 7/5

Off.ce : 529033
Phones Factory : 501973
Resi. : 536093

# BALWANT SINGH & SONS

Office : 4E/11 JHANDEWALA EXTN.
NEW DELHI-110055

Factory : A 2/3, MAYA PURI, PHASE II
Opp, C-70 NEW DELHI-110064



Sri Satguru Jagjit Singh Ji eLibrary NamdhariElibrary@gmail.com

ਖ ਬ ਰ ਨਾ ਮਾ

# ਸਾਹਿਤ ਸਭਾ ਨਿਝਰਾਂ ਦਾ ਸਮਾਗਮ

ਪਹਿਲੀ ਅਪ੍ਰੈਲ ਸਾਹਿਤ ਸਭਾ ਨਿੱਝਰਾਂ (ਜਲੰਧਰ) ਵੱਲੋਂ ਪੁਸਤਕ ਰੀਲੀਜ਼, ਸਮੀਖਿਆ ਅਤੇ ਕਵੀ ਦਰਬਾਰ ਦਾ ਅਯੋਜਿਨ ਕੀਤਾ ਗਿਆ। ਸਾਢੇ ਬਾਰ੍ਹਾਂ ਤੱਕ ਲੇਖਕਾਂ ਸਮੇਤ ਤਿੰਨ ਸੌ ਆਦਮੀਆਂ ਦਾ ਇਕੱਠ ਹੋ ਚੁੱਕਾ ਸੀ। ਕੰਵਰ ਇਮਤਿਆਜ਼ ਨੇ ਮਾਈਕ ਸਾਂਭਦਿਆਂ ਸਟੇਜ ਸੰਚਾਲਨ ਸ਼ੁਰੂ ਕੀਤਾ। ਬਿੱਲੇ ਨੇ ਉਦਾਸ ਸੁਰਾਂ ਵਿਚ ਡੁੱਬਾ ਹੋਇਆ ਪੰਜਾਬ ਦੀ ਉਦਾਸੀ ਨੂੰ ਸਮਰਪਤ ਇਕ ਗੀਤ ਗਾਇਆ। ਪ੍ਰਧਾਨਗੀ ਮੰਡਲ ਵਿਚ ਡਾ: ਜਗਤਾਰ, ਸੰਤੋਖ ਸਿੰਘ ਸੰਤੋਖ, ਜਗਦੀਸ਼ ਸਿੰਘ ਵਰਿਆਮ, ਕੈਪਟਨ ਪਿਆਰਾ ਸਿੰਘ ਅਤੇ ਕਰਨੈਲ ਸਿੰਘ ਨਿੱਝਰ ਬੈਠ ਚੁੱਕੇ ਸਨ। ਜਸਵੰਤ ਨੇ ਡਾ: ਜਗਤਾਰ ਦਾ ਗੀਤ ਗਾਇਆ।

ਟੈਲੀਵੀਜਨ ਦਾ ਕਲਾਕਾਰ ਨਰਿੰਦਰ ਫੁੱਲ ਆਪਣੇ ਨਾਜ਼ੁਕ ਪੋਟਿਆਂ ਨਾਲ ਹਾਰਮੋਨੀਅਮ ਅਤੇ ਗੀਤ ਦੀਆਂ ਸੁਰਾਂ ਦੇ ਅੰਗ-ਸੰਗ ਰਿਹਾ। ਕਾਵਿ ਪੁਸਤਕ ਸੀ ਮੁਸ਼ਤਾਕ ਸਿੰਘ ਦੀ 'ਬੇਚਿਰਾਗ ਗਲੀਆਂ'। ਸਮੀਖਿਆ ਲਖਵਿੰਦਰ ਜੌਹਲ ਨੇ ਕੀਤੀ। ਸੰਖੇਪ ਤੇ ਭਾਵਪੂਰਤ। ਵਲਾਇਤ ਵਿਚ ਬੈਠੇ ਕਵੀ ਮੰਗਲ ਸਿੰਘ ਰਾਹੀ ਦੀ ਪੁਸਤਕ 'ਤੜਪ ਦਰ ਤੜਪ' ਪ੍ਰੋ: ਦੀਦਾਰ ਨੇ ਸੰਤੋਖ ਸਿੰਘ ਸੰਤੋਖ ਨੂੰ ਭੇਟ ਕੀਤੀ। ਪੇਪਰ ਪ੍ਰੋ: ਪ੍ਰਿਤਪਾਲ ਸਿੰਘ ਨੇ ਪੜ੍ਹਿਆ। ਲੰਮਾ ਅਕਾਊ ਤੇ ਥਕਾਊ। ਉਲਫਤ ਬਾਜਵਾ, ਦੀਦਾਰ ਅਤੇ ਸੰਤੋਖ ਨੇ ਪਰਚਿਆਂ ਤੇ ਬਹਿਸ ਛੇੜੀ। ਮਿੱਠੀ ਮਿੱਠੀ। ਕਿਤੇ ਕਿਤੇ ਕੋਈ ਚੋਭ ਵੀ। ਬਾਜਵਾ ਆਖਣ ਲੱਗਾ ਕਿ ਮੈਂ ਉਸ ਸ਼ਾਇਰ ਨੂੰ ਸ਼ਾਇਰ ਮੰਨਦਾ ਹੀ ਨਹੀਂ ਜਿਹਨੇ ਪੰਜਾਬ ਦੀ ਉਦਾਸ ਮਹਿੰਦੀ ਦੇ ਰੰਗ ਨੂੰ ਆਪਣੀ ਲੇਖਣੀ ਵਿਚ ਨਹੀਂ ਉਤਾਰਿਆ। ਮਹਿੰਦਰ ਸਿੰਘ ਭੱਟੀ, ਬਖਸ਼ੀਸ਼, ਚੈਨ ਰਾਣਾ, ਸੁਖਜਿੰਦਰ, ਧਰਮਪਾਲ ਸੁਖਦੇਵ ਅਤੇ ਹਰਦਿਆਲ ਨਿੱਝਰ ਹੁਰੀਂ ਪ੍ਰਬੰਧਕ ਵੀ ਤੇ ਨਾਲ ਸਰੋਤੇ ਵੀ। ਡਾ: ਜਗਤਾਰ ਦੁਆਰਾ ਸੰਪਾਦਤ ਕਰਨੈਲ ਸਿੰਘ ਨਿੱਝਰ ਦੀ ਪਹਿਲੀ ਕਹਾਣੀਆਂ ਦੀ ਪੁਸਤਕ "ਠਾਕੀਆਂ ਜੀਭਾਂ" ਜਗਦੀਸ਼ ਸਿੰਘ ਸੰਪਾਦਕ ਵਰਿਆਮ ਨੂੰ ਭੇਟ ਕੀਤੀ ਗਈ ਤੇ ਇਕ ਨਿੱਝਰ ਦੀ ਬੇਟੀ ਮਨਜੀਤ ਨੂੰ। ਸਾਹਿਤਕਾਰ ਦੀ ਪਛਾਣ ਪਰਿਵਾਰ ਵਿਚ ਸਥਾਪਤ ਕਰਨ ਦੀ ਭੂਮਿਕਾ। ਤਿੰਨ ਸੌ ਲੋਕਾਂ ਦੇ ਇਕੱਠ ਵਿਚ ਕਵੀ ਦਰਬਾਰ ਸ਼ੁਰੂ ਹੋਇਆ। ਪ੍ਰਧਾਨਗੀ ਮੰਡਲ ਵਿਚ ਪ੍ਰੋ: ਦੀਦਾਰ ਨੂੰ ਵੀ ਬਿਠਾਇਆ ਗਿਆ। ਮਹਿੰਦੀ ਦੇ ਉਦਾਸ ਰੰਗ ਵਰਗੀਆਂ ਨਜ਼ਮਾਂ, ਉਲਫਤ ਬਾਜਵਾ, ਲਖਵਿੰਦਰ ਜੌਹਲ, ਸੁਰਿੰਦਰ ਸੋਹਲ ਅਤੇ ਕੰਵਰ ਇਮਤਿਆਜ਼ ਨੇ ਸੁਣਾਈਆਂ। ਪ੍ਰੋ: ਦੀਦਾਰ ਅਤੇ ਸੰਤੋਖ ਸਿੰਘ ਸੰਤੋਖ ਦਾ ਰੰਗ ਜ਼ਿੰਦਗੀ ਦੇ ਕਿਸੇ ਹੋਰ ਮਾਸ਼ਰੇ ਨਾਲ ਤਅਲੁੱਕ ਰੱਖਦਾ ਸੀ। ਆਤਮਾ ਸਿੰਘ ਚਿੱਟੀ ਨੇ ਹਾਸ ਵਿਅੰਗ ਸੁਣਾਇਆ। ਡਾ: ਜਗਤਾਰ ਨੇ ਪ੍ਰਧਾਨਗੀ ਭਾਸ਼ਨ ਦੇ ਨਾਲ ਨਾਲ ਆਪਣੀਆਂ ਨਵੀਆਂ ਗ਼ਜਲਾਂ ਦੇ ਕੁਝ ਸ਼ਿਅਰ ਆਖੇ। ਜਗਦੀਸ਼ ਸਿੰਘ ਹੁਰਾਂ ਨੇ ਇਸ ਸਮਾਗਮ ਵਿਚ ਆਪਣੀ ਸ਼ਮੂਲੀਅਤ ਨੂੰ ਵਡਭਾਗਾ ਦੱਸਿਆ। ਪਿੰਡ ਦੇ ਸਰਪੰਚ ਕੈਪਟਨ ਪਿਆਰਾ ਨੇ ਸਾਹਿਤਕਾਰਾਂ ਦਾ ਪਿੰਡ ਚਰਨ ਪਾਉਣ ਲਈ ਧੰਨਵਾਦ ਕੀਤਾ।

ਰਿਪੋਰਟ—ਕੰਵਰ ਇਮਤਿਆਜ਼,
ਜਨਰਲ ਸਕੱਤਰ

# ਰਾਮਗੜ੍ਹੀਆਂ ਮੰਚ ਵਲੋਂ ਸੈਮੀਨਾਰ

੧੯ ਅਪਰੈਲ (ਪ. ਪ.) ਰਾਮਗੜ੍ਹੀਆ ਮੰਚ ਵਲੋਂ ਬਾਬਾ ਵਿਸ਼ਵਕਰਮਾ ਦੇ ਪੈਰੋਕਾਰ ਰਾਮਗੜ੍ਹੀਆਂ ਦੀ ਦੇਸ਼ ਦੀ ਤਰਕੀ ਖੁਸ਼ਹਾਲੀ ਤੇ ਮਜ਼ਬੂਤੀ ਲਈ ਦੇਣ ਵਿਸ਼ੇ ਤੇ ਇਕ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿਚ ਪੰਜਾਬ ਭਰ ਤੋਂ ਰਾਮਗੜ੍ਹੀਆ ਸਨਅਤਕਾਰਾਂ, ਇੰਜੀਨੀਅਰਾਂ, ਬੁਧੀਜੀਵੀਆਂ ਤੇ ਵਖ ਵਖ ਜਥੇਬੰਦੀਆਂ ਦੇ ਪ੍ਰਤੀਨਿਧਾਂ ਨੇ ਹਿਸਾ ਲਿਆ।

ਸੈਮੀਨਾਰ ਦੀ ਪ੍ਰਧਾਨਗੀ ਪ੍ਰਿੰਸੀਪਲ ਗੁਰਦਿਆਲ ਸਿੰਘ ਫੁੱਲ ਨੇ ਕੀਤੀ। ਇਸ ਸੈਮੀਨਾਰ ਵਿਚ ਬੁਲਾਰਿਆਂ ਨੇ ਆਖਿਆ ਕਿ ਦੇਸ਼ ਨੂੰ ਮਜ਼ਬੂਤ ਬਨਾਉਣ ਅਤੇ ਪੰਜਾਬ ਨੂੰ ਖੁਸ਼ਹਾਲ ਬਨਾਉਣ ਲਈ ਰਾਮਗੜ੍ਹੀਆਂ ਵਲੋਂ ਅਜੇ ਹੋਰ ਭਰਪੂਰ ਯੋਗਦਾਨ ਪਾਏ ਜਾਣ ਦੀ ਲੋੜ ਏ। ਬੁਲਾਰਿਆਂ ਨੇ ਦਸਿਆ ਕਿ ਪੰਜਾਬ ਵਿਚ ਹਰੀ ਕ੍ਰਾਂਤੀ ਪਿਛੇ ਰਾਮਗੜ੍ਹੀਆਂ ਵਲੋਂ ਵਿਕਸਤ ਜ਼ਰਾਇਤੀ ਟੈਕਨੀਕ ਤਿਆਰ ਕਰਨ ਵਿਚ ਵਿਸ਼ੇਸ਼ ਕੰਮ ਕੀਤਾ। ਇਸ ਮੌਕੇ ਤੇ ਬੁਲਾਰਿਆਂ ਨੇ ਇਸ ਗੱਲ ਦੀ ਲੋੜ ਤੇ ਜ਼ੋਰ ਦਿਤਾ ਕਿ ਸਾਨੂੰ ਸਾਰਿਆਂ ਨੂੰ ਇਕ ਸਾਂਝੇ ਮੰਚ ਤੇ ਇਕੱਠੇ ਹੋ ਕੇ ਪੰਜਾਬ ਨੂੰ ਹੋਰ ਵਿਕਸਤ ਤੇ ਖੁਸ਼ਹਾਲ ਬਨਾਉਣ ਲਈ ਇਕ ਜੁੱਟ ਹੋ ਕੇ ਕੰਮ ਕਰਨਾ ਚਾਹੀਦਾ ਹੈ। ਬੁਲਾਰਿਆਂ ਨੇ ਪੰਜਾਬ ਨੂੰ ਦਰਪੇਸ਼ ਮੌਜੂਦਾ ਸਮਸਿਆ ਤੋਂ ਰਾਹਤ ਦਿਵਾਉਣ ਲਈ ਵਿਉਂਤਬੰਦੀ ਤੇ ਵੀ ਵਿਚਾਰ ਵਟਾਂਦਰਾ ਕੀਤਾ।

# ੧੮੫੭ ਦੇ ਗਦਰ ਦਾ ਸੰਗ੍ਰਾਮੀਆ ਪਾਕਿ ਵਿਚ ਚਲ ਵਸਿਆ

ਇਸਲਾਮਾਬਾਦ, ੨੩ ਅਪਰੈਲ—(ਯੂ. ਐਨ. ਆਈ.) ੧੮੫੭ ਦੇ ਗਦਰ ਵਿਚ ਹਿਸਾ ਲੈਣ ਵਾਲੇ ਦੌਲਤ ਦੀ ਮੌਤ ਹੋ ਗਈ ਹੈ। ਸੁਤੰਤਰਤਾ ਸੰਗਰਾਮੀਆ ਦੌਲਤ

Sri Satguru Jagjit Singh Ji eLibrary NamdhariElibrary@gmail.com

ਲਾਹੌਰ ਦੇ ਨੇੜੇ ਮੌਨੀਵਾਲਾ ਪਿੰਡ ਵਿਚ ਸੁਰਗਵਾਸ ਹੋਇਆ।

ਖਬਰਾਂ ਅਨੁਸਾਰ ੧੮੩ ਵਰ੍ਹਿਆਂ ਦੇ ਦੌਲਤ ਨੂੰ ਦੌਲਾ ਮਾਛੀ ਕਰਕੇ ਬੁਲਾਇਆ ਜਾਂਦਾ ਸੀ।

ਦੌਲਾ ਮਾਛੀ ੧੮੫੭ ਦੇ ਨੇਤਾਵਾਂ ਵਿਚੋਂ ਇਕ ਸੀ ਅਤੇ ਉਸਨੇ ਰਾਏ ਅਹਿਮਦ ਖਾਨ ਖਰਲ ਪਾਰਟੀ ਵਿਚ ਸ਼ਾਮਲ ਹੋ ਕੇ ਲਾਰਡ ਬਰਕਲੇ ਦੀ ਹਤਿਆ ਕੀਤੀ ਸੀ।

ਲਾਰਡ ਬਰਕਲੇ ਦੀ ਹਤਿਆ ਕਰਨ ਪਿਛੋਂ ਦੌਲਾ ਮਾਛੀ ਰੂਪੋਸ਼ ਹੋ ਗਿਆ ਅਤੇ ਫਿਰ ਪਾਕਿਸਤਾਨ ਦੇ ਬਣਨ ਪਿਛੋਂ ਹੀ ਰੂਪੋਸ਼ ਦੁਨੀਆ ਵਿਚੋਂ ਬਾਹਰ ਆਇਆ। ਇੰਜ ਉਹ ੧੦੦ ਸਾਲ ਤਕ ਰੂਪੋਸ਼ ਜ਼ਿੰਦਗੀ ਬਤੀਤ ਕਰਦਾ ਰਿਹਾ।

ਦੌਲਾ ਮਾਛੀ ਦੇ ਰਿਸ਼ਤੇਦਾਰਾਂ ਅਨੁਸਾਰ ਦੌਲਾ ਮਾਛੀ ਦੀ ਏਨੀ ਲੰਮੀ ਉਮਰ ਦਾ ਰਾਜ਼ ਇਹ ਸੀ ਕਿ ਉਹ ਕੱਚੀਆਂ ਸਬਜ਼ੀਆਂ, ਦੁੱਧ ਤੇ ਮੱਖਣ ਦੀ ਵਰਤੋਂ ਕਰਦਾ ਸੀ ਅਤੇ ਮਿਰਚ ਮਸਾਲੇ ਤੋਂ ਪਰਹੇਜ਼ ਕਰਦਾ ਸੀ।

ਪੰਜਾਬੀ ਟ੍ਰਿਬਿਊਨ ਸੋਮਵਾਰ,
੨੪ ਅਪਰੈਲ, ੧੯੮੯

## ਮਾਤਾ ਚੰਨਣ ਕੌਰ ਦਾ ਵਰ੍ਹੀਨਾ



ਬੀਬੀ ਚਨਣ ਕੌਰ ਜੀ ਪਤਨੀ ਸਵਰਗਵਾਸੀ ਠੇਕੇਦਾਰ ਚਨਣ ਸਿੰਘ ਕਾਨਪੁਰ ਵਾਲੇ ਜੋ ੨ ਜੁਲਾਈ ੧੯੮੮ ਨੂੰ ਚੜ੍ਹਾਈ ਕਰ ਗਏ ਸੀ ਅਤੇ ਜਿਨ੍ਹਾਂ ਨੇ ਅਪਣੇ ਪਤੀ ਦੇ ਸਦੀਵੀ ਵਿਛੋੜੇ ਬਾਦ ੨੫-੩੦ ਸਾਲ ਅਤੇ ਕੁਝ ਸਾਲ ਪੁਤ੍ਰ ਵਿਛੋੜੇ ਬਾਦ ਆਪਣਾ ਜੀਵਨ ਸੰਗਤ ਵਿਚ ਸੰਗਤ ਦੇ ਸਹਾਰੇ ਬਤੀਤ ਕੀਤਾ.ਮਾਤਾ ਜੀ ਜਾਂ ਸੇਵਾ ਸਿੰਘ ਮਲ੍ਹੇ ਵਾਲਿਆਂ ਦੇ ਉਸਤਾਦ ਦੀ ਪਤਨੀ ਹੋਣ ਕਾਰਣ ਧਰਮ ਦੇ ਮਾਤਾ ਜੀ ਬਣੇ ਸੀ। ਸੰਤ ਸੇਵਾ ਸਿੰਘ ਜੀ ਨੇ ਇਹਨਾਂ ਦੀ ਸੇਵਾ ਭੀ ਬਹੁਤ ਕੀਤੀ ਹੈ ਅਤੇ ਅੰਤਮ ਸੰਸਕਾਰ ਭੀ ਸਪੁਤਰ ਬਣਕੇ ਪੂਰੀ ਸ਼ਰਧਾ ਨਾਲ ਕੀਤੇ ਸਨ।

੭ ਮਈ ੧੯੮੯ ਐਤਵਾਰ ਨੂੰ ਮਾਤਾ ਜੀ ਨਮਿਤ ਵਰ੍ਹੀਨੇ ਦਾ ਪਾਠ ਮਹੰਤ ਨਿਰਮਲ ਸਿੰਘ ਜੀ ਤੋਂ ਕਰਵਾ ਕੇ ਨਾਮਧਾਰੀ ਧਰਮਸਾਲਾ ਨਾਮਧਾਰੀ ਕਾਲੋਨੀ, ਰਮੇਸ਼ ਨਗਰ ਦਿਲੀ ਵਿਖੇ ਭੋਗ ਪਵਾਇਆ ਗਿਆ। ਇਸ ਸਮੇਂ ਪਹਿਲੋਂ ਸੰਤ ਕਰਤਾਰ ਸਿੰਘ ਜੀ ਅਤੇ ਫਿਰ ਜਥੇਦਾਰ ਸੇਵਾ ਸਿੰਘ ਜੀ ਦਿੱਲੀ ਵਾਲਿਆਂ ਨੇ ਕੀਰਤਨ ਕੀਤਾ।

ਸੇਵਾ ਸਿੰਘ ਜੀ ਨੇ ਸਾਧ ਸੰਗਤ ਦੀ ਬੜੀ ਸੇਵਾ ਕੀਤੀ ਅਤੇ ਧਰਮ ਕਾਰਜਾਂ ਵਾਸਤੇ ਅਤੇ ਲੰਗਰ ਸ੍ਰੀ ਭੈਣੀ ਸਾਹਿਬ, ਨਾਮਧਾਰੀ ਧਰਮਸਾਲਾ ਦਿੱਲੀ, ਸ਼ਹੀਦ ਬਿਸ਼ਨ ਸਿੰਘ ਮੈ: ਸਕੂਲ, ਵਰਿਆਮ ਅਤੇ ਸਤਿਜੁਗ ਨੂੰ ਸਹਾਇਤਾ ਦਿਤੀ।

## ਗੁਰਭਜਨ ਸਿੰਘ ਨਮਿਤ ਪਾਠ

ਸ੍ਰੀ ਭੈਣੀ ਸਾਹਿਬ ਵਿਖੇ ਐਤਵਾਰ ੭ ਮਈ ੧੯੮੯ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਾਬਕਾ ਸਕੱਤਰ ਕਵੀ ਅਤੇ ਪਤਰਕਾਰ ਸ: ਗੁਰਭਜਨ ਸਿੰਘ ਦੀ ਜੀਵ ਆਤਮਾ ਨਮਿਤ ਪਾਠਾਂ ਦੇ ਭੋਗ ਪਾਏ ਗਏ। ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਸਮੇਂ ਗਿਆਨ ਮਈ ਉਪਦੇਸ਼ ਵਿਚ ਕਿਹਾ ਕਿ ਭਜਨ ਬਾਣੀ ਤਗੜੇ ਹੋ ਕੇ ਕਰੋ ਜੋ ਇਸ ਸੰਸਾਰ ਤੋਂ ਜਾਣ ਬਾਦ ਵੀ ਕੰਮ ਆਉਣਾ ਹੈ। ਗੁਰਭਜਨ ਸਿੰਘ ਜੀਵਨ ਨਗਰ ਵਿਦਿਆਲੇ ਵਿਚ ਪੜ੍ਹਿਆ, ਮਹਾਰਾਜ ਬੀਰ ਸਿੰਘ ਜੀ ਨਾਲ ਸਕੱਤਰ ਰਿਹਾ ਫੇਰ ਮੇਰੇ ਕੋਲ ਰਿਹਾ ਸੋਧ ਰਖੀ ਨਿਤਨੇਮ ਕਰਦਾ ਰਿਹਾ ਤੇ ਵਧ ਤੋਂ ਵਧ ਸ਼ਰਧਾ ਵਾਲਾ ਪਾਸਾ ਵੀ ਉਸਦਾ ਹੈ। ਉਸ ਦੇ ਚੰਗੇ ਗੁਣਾਂ ਨੂੰ ਗ੍ਰਹਿਣ ਕਰਨਾ ਚਾਹੀਦਾ ਹੈ।

ਇਸ ਸਮੇਂ ਕਥਾ ਕੀਰਤਨ ਅਤੇ ਨਿਤਨੇਮ ਵੀ ਹੋਇਆ। ਦੂਰੋਂ ਨੇੜਿਓਂ ਸਾਧ ਸੰਗਤ ਪੁਜੀ ਹੋਈ ਸੀ।

## ਗੁਰਬਚਨ ਸਿੰਘ ਭੁਲਰ ਦਾ ਕਥਾ-ਜਗਤ

**ਲੇਖਕ ; ਨਰਿੰਦਰ ਭੁਲਰ**

ਗੁਰਬਚਨ ਸਿੰਘ ਭੁਲਰ ਪੰਜਾਬੀ ਕਹਾਣੀਕਾਰਾਂ ਦੀ ਇਸ ਸਮੇਂ ਸਰਗਰਮ ਪੀੜ੍ਹੀ ਦਾ ਇਕ ਮਹਤਵਪੂਰਨ ਨਾਂ ਹੈ। ਤੇ ਨਰਿੰਦਰ ਭੁਲਰ ਇਕ ਉਭਰਦਾ ਕਹਾਣੀਕਾਰ ਹੋਣ ਦੇ ਨਾਲ-ਨਾਲ ਇਕ ਹੋਣਹਾਰ ਖੋਜਕਾਰ ਅਤੇ ਆਲੋਚਕ। ਇਹ ਪੁਸਤਕ ਗੁਰਬਚਨ ਸਿੰਘ ਭੁਲਰ ਦੇ ਕਥਾ ਜਗਤ ਉਤੇ ਇਕ✳



Sri Satguru Jagjit Singh Ji eLibrary NamdhariElibrary@gmail.com

# ਪ੍ਰਤੀਕ੍ਰਿਆ

ਬੜੇ ਆਨੰਦ ਨਾਲ ਤੁਹਾਡੀ (ਸੋਵੀਅਤ ਯੂਨੀਅਨ ਵਿਚ ੧੪ ਦਿਨ) ਯਾਤਰਾ ਪੜ੍ਹ ਹੀ ਨਹੀਂ ਰਿਹਾ ਸਗੋਂ ਮਾਣ ਵੀ ਰਿਹਾ ਹਾਂ। ਸੱਚਮੁਚ ਬੜੇ ਉਦਮੀ ਤੇ ਮਿਹਨਤੀ ਹੋ, ਇਨ੍ਹਾਂ ਹਾਲਤਾਂ ਵਿਚ ਆਪਣਾ 'ਵਰਿਆਮ' ਚਲਾਈ ਜਾ ਰਹੇ ਹੋ। ਕਿਸੇ ਪਿਛਲੇ ਪਰਚੇ ਵਿਚ ਛਾਪੀ ਅਮਰ ਭਾਰਤੀ ਜੀ ਦੀ ਅਮਰ ਨਾਥ ਯਾਤਰਾ ਬੜੀ ਪਿਆਰੀ ਲਗੀ। ਉਹ ਵੀ ਸਿਰ ਧੜ ਦੀ ਬਾਜ਼ੀ ਲਗਾ ਕੇ ਉਚੇਰੇ ਪਰਬਤਾਂ ਨੂੰ ਪੈਰੀਂ ਲਤਾੜ ਦੇ ਅਗੇ ਵਧੀ ਜਾ ਰਹੇ ਹਨ, ਆਮੀਨ।

ਐਤਕਾਂ ਵਿਸ਼ੇਸ਼ ਅਪਰੈਲ ਅੰਕ ਪੜ੍ਹ ਲਿਆ ਹੈ। ਮਹਾਂ ਪੁਰਸ਼ ਬਾਬਾ ਰਾਮ ਸਿੰਘ ਨੇ ਜਿਸ ਸੰਸਥਾ ਦੀ ਨੀਂਹ ਰੱਖੀ ਉਸ ਦੀਆਂ ਕੁਰਬਾਨੀਆਂ ਨੂੰ ਕੌਣ ਭੁਲਾ ਸਕਦਾ ਹੈ? ਅਸੀਂ ਪ੍ਰਣਾਮ ਕਰਦੇ ਹਾਂ। ਸੁਰਜੀਤ ਖੁਰਸ਼ੀਦੀ ਨੇ ਠੀਕ ਕਿਹਾ ਹੈ "ਸਤਿਗੁਰੂ ਜਗਜੀਤ ਸਿੰਘ ਜੀ ਦੀ ਛੱਤਰ ਛਾਇਆ ਹੇਠ ਸਤਿਗੁਰੂ ਰਾਮ ਸਿੰਘ ਜੀ ਦੇ ਪਾਏ ਪੂਰਨਿਆਂ ਤੇ ਅਕੀਦਤ ਦੇ ਫੁਲ ਚੜ੍ਹਾਏ ਜਾ ਰਹੇ ਹਨ। ਮੀਰੀ ਤੇ ਪੀਰੀ ਦਾ ਇਹ ਪ੍ਰਵਾਹ ਸ੍ਰੀ ਭੈਣੀ ਸਾਹਿਬ ਤੋਂ ਨਿਰੰਤਰ ਤੇ ਨਿਰਵਿਘਨ ਜਾਰੀ ਹੈ।

"ਕੂਕਿਆਂ ਦਾ ਦੀਵਾਨ" ਪੜ੍ਹ ਕੇ ਪੁਰਾਤਨ ਸਮਿਆ ਦੇ ਨਾਮਧਾਰੀ ਦੀਵਾਨਾਂ ਦੀ ਯਾਦ ਤਾਜ਼ਾ ਹੋ ਗਈ ਹੈ।

ਸ: ਗੁਰਬਖਸ਼ ਸਿੰਘ, ਮਾਸਟਰ ਤਾਰਾ ਸਿੰਘ ਹੋਰਾਂ ਦੀਆਂ ਪੁਰਾਤਨ ਲਿਖਤਾਂ ਵੀ ਬੜੀਆਂ ਵਧੀਆ ਲਗੀਆਂ। ਇਸ ਵਿਸ਼ੇਸ਼ ਅੰਕ ਦੀ ਵਧਾਈ ਕਬੂਲ ਕਰੋ।

**ਪਿਆਰਾ ਸਿੰਘ ਦਾਤਾ**

੮੦/੧੪-ਬੀ ਮਾਲਵੀਆ ਨਗਰ,
ਨਵੀਂ ਦਿਲੀ-੧੭

—o—

ਵਰਿਆਮ ਵਿਚ ਅਜ ਕਲ੍ਹ ਸਭ ਤੋਂ ਦਿਲਚਸਪ ਕਾਲਮ ਸੋਵੀਅਤ ਯੂਨੀਅਨ ਵਿਚ ੧੪ ਦਿਨ ਚਲ ਰਿਹਾ ਹੈ। ਇਕ ਤਾਂ ਸਾਡੀ ਭਾਰਤ ਵਾਸੀਆਂ ਦੀ ਸੋਵੀਅਤ ਯੂਨੀਅਨ ਵਿਚ ਬਹੁਤ ਦਿਲਚਸਪੀ ਹੈ। ਦੂਜੇ ਤੁਸੀਂ ਉਥੋਂ ਅੱਖੀਂ ਡਿੱਠਾ ਹਾਲ ਬਿਆਨ ਕਰ ਰਹੇ ਹੋ। ਤੀਜੇ ਤੁਹਾਡੇ ਬਿਆਨ ਕਰਨ ਦੀ ਸ਼ੈਲੀ ਬਹੁਤ ਸ਼ਾਨਦਾਰ ਹੈ। ਪ੍ਰੰਤੂ ਇਸ ਸਭ ਕਾਸੇ ਤੋਂ ਵੀ ਵਧ ਕਿਤੇ ਕਿਤੇ ਬਹੁਤ ਹੀ ਕਮਾਲ ਹੋ ਜਾਂਦਾ ਹੈ ਜਿਵੇਂ "ਦਿਸ ਇਜ਼ 'ਦ ਪੰਜਾਬ ਪਰੌਬਲਮ" ਤੁਹਾਡੀ ਹਾਜ਼ਰ ਜਵਾਬੀ ਦੀ ਦਾਦ ਦੇਣੀ ਬਣਦੀ ਹੈ।

੧੦ ਨਵੰਬਰ ਦੇ 'ਦੋਸਤੀ ਸੰਸਥਾ' ਸਮਾਗਮ ਵਿਚ ਆਪਣੇ ਭਾਸ਼ਣ ਸਮੇਂ ਤੁਸੀਂ ਜੋ ਜੌਹਰ ਵਿਖਾ ਦਿਤੇ, ਉਹ ਇਸ ਕਾਲਮ ਦਾ ਅਤੇ ਭਾਰਤੀ ਡੈਲੀਗੇਸ਼ਨ ਦੀ ਰੂਸ ਫੇਰੀ ਦਾ ਸਿਖਰ ਹੋ ਨਿਬੜਿਆ ਹੈ। ਜਾਪਦਾ ਹੈ ਕਿ ਤੁਹਾਡੇ ਦਿਲ ਦੀਆਂ ਡੂੰਘਾਣਾ ਵਿਚੋਂ ਨਿਕਲੇ ਭਾਵ ਸਰੋਤਿਆਂ ਨੂੰ ਕੀਲ ਗਏ। ਜੋ ਕਿਸ਼ਨ ਸੈਣੀ ਜੀ ਸੁਣਕੇ ਪਛਤਾਏ ਹੋਣਗੇ ਕਿ ਮੈਂ ਵੀ ਨਾਲ ਕਿਉਂ ਨਾ ਗਿਆ।

ਜਿਵੇਂ ਇਹ ਗਲ ਬੜੇ ਮਾਣ ਨਾਲ ਕਹੀ ਜਾਂਦੀ ਹੈ ਕਿ ਜੋ ਹਥਿਆਰ ਅਜ਼ਾਦੀ ਦੀ ਜੰਗ ਲਈ ਗਾਂਧੀ ਜੀ ਨੇ ਵਰਤਿਆ। ਉਹ 'ਨਾ ਮਿਲਵਰਤਣ' ਸਤਿਗੁਰੂ ਰਾਮ ਸਿੰਘ ਜੀ ਨੇ ਬਹੁਤ ਸਮਾਂ ਪਹਿਲਾਂ ਖੋਜ ਲਿਆ ਸੀ ਅਤੇ ਇਸ ਦੀਆਂ ਗਾਂਧੀ ਜੀ ਤੋਂ ਕਈ ਧਾਰਾਵਾਂ ਵਧ ਅਮਲ ਵਿਚ ਲਿਆਂਦੀਆਂ ਸਨ। ਜਿਵੇਂ ਡਾਕ, ਰੇਲ, ਸੜਕ ਅਦਾਲਤਾਂ ਤੇ ਵਿਦਿਅਕ ਸੰਸਥਾਵਾਂ ਆਦਿ ਦਾ ਬਾਈਕਾਟ। ਇਵੇਂ ਹੀ ਰੂਸ ਨਾਲ ਦੋਸਤੀ ਦੀ ਗਲ ਜੋ ਆਪ ਨੇ ਬਿਆਨੀ ਇਸੇ ਸੰਧਰਭ ਵਿਚ ਕਹੀ ਜਾ ਸਕਦੀ ਹੈ।

ਨਵੰਬਰ, ੧੯੮੮ ਦੇ ਅੰਕ ਵਿਚ "ਨਾਮਧਾਰੀ ਹਾਕੀ ਟੀਮ ਘਾਲ ਥਾਂਇ ਪਈ" ਲੇਖ ਵਿਚ ਆਪ ਨੇ ਸਰਬ ਭਾਰਤੀ ਸੰਜੇ ਗਾਂਧੀ ਹਾਕੀ ਟੂਰਨਾਮੈਂਟ ਦੀ ਜਿੱਤ ਬੜੇ ਸੁੰਦਰ ਢੰਗ ਨਾਲ ਬਿਆਨ ਕੀਤੀ ਹੈ। ੧੯੮੭ ਦੇ ਸੁਰਜੀਤ ਮੈਮੋਰੀਅਲ ਟੂਰਨਾਮੈਂਟ ਦੇ ਮੈਚ ਤੁਸੀਂ ਅੱਖੀਂ ਵੇਖੇ ਹੋਣਗੇ।

ਇਸ ਲੇਖ ਨਾਲ ਆਪ ਨੇ ਖਿਡਾਰੀਆਂ ਦੀ ੧੯੭੮ ਦੀ ਤਸਵੀਰ ਛਾਪੀ ਹੈ, ਜਦੋਂ ਸਰਬ ਭਾਰਤੀ ਮਿੰਨੀ ਹਾਕੀ ਮੁਕਾਬਲਾ ਜਿੱਤਿਆ ਸੀ।

ਆਪ ਜੀ ਨੂੰ ਪਤਾ ਹੋਵੇਗਾ ਕਿ ੧੯੯੬ ਤੋਂ ਜਦੋਂ ਤੋਂ ਠਾਕੁਰ ਉਦੇ ਸਿੰਘ ਜੀ ਨੇ ਟੀਮ ਮੁੜ ਸੰਗਠਤ ਕੀਤੀ ਹੈ, ਉਦੋਂ ਤੋਂ ਨਿਕੇ ਬਚਿਆਂ ਦੀ ਇਕ ਹੋਰ ਹਾਕੀ ਟੀਮ ਕੋਚ ਅਵਤਾਰ ਸਿੰਘ ਭੰਗੂ ਦੀ ਕਮਾਨ ਹੇਠ ਤਿਆਰ ਕਰਵਾਈ ਜਾ ਰਹੀ ਹੈ। ਆਪ ਜੀ ਨੂੰ ਇਹ ਜਾਣ ਕੇ ਹੋਰ ਵੀ ਖੁਸ਼ੀ ਹੋਵੇਗੀ ਕਿ ਇਸ ਨਿਕੀ ਟੀਮ ਨੇ ਵੀ ੧੯੯੮ ਦਾ ਅੰਤਰ ਜ਼ਿਲਾ ਮਿੰਨੀ ਹਾਕੀ ਮੁਕਾਬਲਾ ਸੰਗਰੂਰ ਵਿਖੇ ਜਿੱਤ ਲਿਆ ਹੈ। ਆਪਣੇ ਬੱਚੇ ਸਰਕਾਰੀ ਹਾਈ ਸਕੂਲ ਸ੍ਰੀ ਭੈਣੀ ਸਾਹਿਬ ਵਲੋਂ

---

✳ਬਹੁਕੋਣੀ, ਬਹੁਦਿਸ਼ਾਵੀ ਅਤੇ ਬਹੁਪਰਤੀ ਗਿਆਤ ਹੈ। ਪਰ ਇਹ ਦੇ ਨਾਲ ਹੀ ਇਹ, ਆਲੋਚਨਾ ਦੀ ਸਥਾਪਿਤ ਸ਼ਬਦਾਵਲੀ ਦੀ ਵਾਜਬ ਵਰਤੋਂ ਤੋਂ ਇਲਾਵਾ ਹੋਰ ਔਖੇ ਭਾਰੇ ਅਡੰਬਰੀ ਸ਼ਬਦ-ਜਾਲ, ਭਾਸ਼ਾਈ ਉਲਝੇਵਿਆਂ ਅਤੇ ਸ਼ਾਬਦਿਕ ਗੋਰਖ ਧੰਧਿਆਂ ਤੋਂ ਮੁਕਤ ਹੋਣ ਸਦਕਾ, ਪੰਜਾਬੀ ਆਲੋਚਨਾ ਖੇਤਰ ਲਈ ਇਸ ਗਲ ਦੀ ਵੀ ਇਕ ਨਿਗਰ, ਸਾਰਥਕ ਅਤੇ ਅਹਿਮ ਉਦਾਹਰਨ ਹੈ ਕਿ ਆਲੋਚਨਾ ਦੀ ਭਾਸ਼ਾ ਕਿਹੋ ਜਿਹੀ ਹੋਣੀ ਚਾਹੀਦੀ ਹੈ।



Sri Satguru Jagjit Singh Ji eLibrary NamdhariElibrary@gmail.com

ਜ਼ਿਲ੍ਹਾ ਲੁਧਿਆਣਾ ਦੀ ਪ੍ਰਤੀਨਿਧਤਾ ਕਰ ਰਹੇ ਸਨ। ਫਾਈਨਲ ਵਿਚ ਜ਼ਿਲ੍ਹਾ ਲੁਧਿਆਣਾ ਵਲੋਂ ਜ਼ਿਲ੍ਹਾ ਫਰੀਦਕੋਟ ਨੂੰ ਜਿੱਤ ਕੇ ਸਟੇਟ ਵਿਜੇਤਾ ਹੋਣ ਦਾ ਮਾਣ ਹਾਸਲ ਕੀਤਾ ਗਿਆ। ਬੱਚੇ ਟਰਾਫੀ ਲੈ ਕੇ ਦੀਵਾਨ ਵਿਚ ਆਏ ਸਚੇ-ਪਾਤਸ਼ਾਹ ਜੀ ਨੇ ਖੁਸ਼ੀਆਂ ਬਖਸ਼ੀਆਂ।

ਅੱਜ ਕਲ੍ਹ ਇਹ ਬੱਚੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਅਕਾਦਮੀ ਵਿਚ ਦਾਖਲ ਕਰ ਲਏ ਹਨ, ਅਗੋਂ ਤੋਂ ਅਕਾਦਮੀ ਵਲੋਂ ਖੇਡਿਆ ਕਰਨਗੇ।

ਸੀਨੀਅਰ ਹਾਕੀ ਟੀਮ ਨਾਮਧਾਰੀ ਇਲੈਵਨ ਸਿਰਸਾ ਦੀ ਕਾਰਗੁਜ਼ਾਰੀ ਇੰਦਰਾ ਗੋਲਡ ਕੱਪ ਜੰਮੂ ਵਿਖੇ ਵੀ ਬਹੁਤ ਅੱਛੀ ਰਹੀ ਹੈ। ਜਿਵੇਂ ਤੁਸੀਂ ਸੰਜੇ ਮੈਮੋਰੀਅਲ ਬਾਰੇ ਲਿਖਿਆ ਹੈ ਕਿ ਕਈ ਵਾਰ ਜਿੱਤ ਹਾਰ ਵਿਚ ਬਹੁਤ ਬਰੀਕ ਫ਼ਰਕ ਰਹਿ ਜਾਂਦਾ ਹੈ। ਤੁਸੀਂ ਟੀ. ਵੀ. ਤੇ ਵੇਖਿਆ ਹੀ ਹੋਵੇਗਾ ਕਿ ੧੪ ਮਾਰਚ ਦੇ ਪੰਜਾਬ ਸਿੰਧ ਬੈਂਕ ਨਾਲ ਫਾਇਨਲ ਮੁਕਾਬਲੇ ਵਿਚ ਗੋਲਕੀਪਰ ਨੇ ਬੈਂਕ ਦੇ ਦੋ ਸਟਰੋਕ ਰੋਕ ਕੇ ਬਿਲਕੁਲ ਜਿੱਤ ਦੇ ਦਰਵਾਜ਼ੇ ਤੇ ਲੈ ਆਂਦਾ ਸੀ ਪਰ...ਇਸ ਵਾਰ ਕੁਦਰਤ ਨੂੰ ਇਹ ਮਨਜ਼ੂਰ ਨਹੀਂ ਸੀ।

ਜਿਵੇਂ ਹੋਲੇ/ਮੇਲੇ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਕਾਦਮੀ ਦੀ ਕਾਰਗੁਜ਼ਾਰੀ ਸਬੰਧੀ ਰਿਪੋਰਟ ਪੇਸ਼ ਕੀਤੀ ਜਾਂਦੀ ਹੈ ਇਵੇਂ ਹਾਕੀ ਟੀਮ ਬਾਰੇ ਵੀ ਪ੍ਰੋਗਰਾਮ ਦਿਤਾ ਜਾਣਾ ਚਾਹੀਦਾ ਹੈ। ਕੋਚ ਸਾਹਿਬ ਅਤੇ ਪਲੇਅਰਾਂ ਨੂੰ, ਉਨ੍ਹਾਂ ਦੀ ਘਾਲਣਾ ਪ੍ਰਤੀ ਸਨਮਾਨਤ ਕੀਤਾ ਜਾਣਾ ਚਾਹੀਦਾ ਹੈ। ਠਾਕਰ ਦਲੀਪ ਸਿੰਘ ਜੀ ਦੀ ਬੜੀ ਲੰਮੀ ਘਾਲਣਾ ਸਦਕਾ ਹਾਕੀ ਟੀਮ ਤਿਆਰ ਹੋਈ ਸੀ। ਮੁੰਡਿਆਂ ਨੇ ਘਰਾਂ ਦੇ ਮੋਹ ਤਿਆਗ ਕੇ ਆਪਣਾ ਆਪ ਕੁਠਾਲੀ ਵਿਚ ਢਾਲਿਆ ਤਾਂ ਜਾ ਕੇ ਅਜ ਕਰੋੜਾਂ ਪਤੀ ਅਦਾਰਿਆਂ ਦੀਆਂ ਟੀਮਾਂ ਨਾਲ (ਤੁਹਾਡੇ ਲਿਖਣ ਅਨੁਸਾਰ ਫਕਰਾਂ ਦੀ ਟੀਮ) ਲੋਹਾ ਲੈਂਦੀ ਹੈ। ਇਸ ਟੀਮ ਦੇ ਬਚਪਨ ਦੇ ਇਤਿਹਾਸ ਦਾ ਕੋਈ ਮੁਕਾਬਲਾ ਨਹੀਂ। ਜਿਸ ਸਿਰੜ ਨਾਲ ਲੱਗੇ ਹੋਏ ਹਨ, ਜਾਪਦਾ ਹੈ, ਓਪਨ ਮੁਕਾਬ-ਲਿਆਂ ਵਿਚ ਆਪਣਾ ਇਤਿਹਾਸ ਮੁੜ ਦੁਹਰਾਉਣਗੇ।

**ਭਗਤ ਸਿੰਘ**
ਚੰਡੀਗੜ੍ਹ

---

ਸਮਝ ਉਹੋ ਉੱਚਾ ਹੈ ਜਿਸ ਦਾ ਹੁਨਰ ਉੱਚਾ ਹੈ।
—ਸੁਜਾਨ ਸਿੰਘ

# ਵਰਿਆਮ ਨੂੰ ਸਹਿਯੋਗ

**ਸੰਤ ਫੌਜਾ ਸਿੰਘ ਸਮੋਸੇ ਵਾਲਿਆਂ** ਦੇ ਸਪੁਤਰਾਂ ਹਰੀ ਸਿੰਘ ਇੰਦਰਜੀਤ ਸਿੰਘ ਅਤੇ ਛੋਟੇ ਵੀਰ ਨੇ ਸਰਸਾ ਵਿਖੇ ਆਪਣੇ ਮਾਤਾ ਪਿਤਾ ਦੀ ਯਾਦ ਵਿਚ ਅਖੰਡ ਪਾਠ ਕਰਵਾਕੇ ਭੋਗ ਪਵਾਇਆ ਦੀਵਾਨ ਲਵਾਇਆ ਅਤੇ ਸੰਗਤ ਦੀ ਸੇਵਾ ਕੀਤੀ। ਸਤਿਜੁਗ ਸ੍ਰੀ ਜੀਵਨ ਨਗਰ ਅਤੇ 'ਵਰਿਆਮ' ਵਾਸਤੇ ਸਹਿਯੋਗ ਭੇਜਿਆ ਰਾਹੀਂ ਜਥੇਦਾਰ ਸੇਵਾ ਸਿੰਘ ਨਾਮਧਾਰੀ।

**ਸੰਤ ਬਲਵੰਤ ਸਿੰਘ ਬਾਲੀ ਨਗਰ ਦਿੱਲੀ** ਜੀ ਦੀ ਸਪੁਤਰੀ ਬੀਬੀ ਪਰਭਜੋਤ ਕੌਰ ਦਾ ਆਨੰਦ ਕਾਰਜ ਸ੍ਰੀ ਕੁਲਵੰਤ ਸਿੰਘ ਸਪੁਤਰ ਜ: ਗੁਰਚਰਨ ਸਿੰਘ ਲੁਧਿਆਣਾ ਨਾਲ ਵਸਾਖੀ ੧੯੯੯ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ। ਇਸ ਖੁਸ਼ੀ ਵਿਚ ਸਤਿਗੁਰੂ ਜੀ ਦੇ ਸ਼ੁਕਰਾਨੇ ਵਜੋਂ ਵਰਿਆਮ ਨੂੰ ੧੦੧/- ਰੁ: ਸ: ਬਲਵੰਤ ਸਿੰਘ ਜੀ ਪਰਿਵਾਰ ਵਲੋਂ ਦਿਤੇ ਗਏ।

**ਸ੍ਰ: ਮੁਖਤਾਰ ਸਿੰਘ ਜੀ ਨੰਬਰਦਾਰ ਖੂਹ ਅੰਮ੍ਰਿਤਸਰ** (ਸਰਸਾ) ਵਾਲਿਆਂ ਦੇ ਸਪੁਤਰ ਸ੍ਰੀ ਹਰਦੇਵ ਸਿੰਘ ਜੀ ਦਾ ਆਨੰਦ ਕਾਰਜ ਬੀਬੀ ਸੁਖਵਿੰਦਰ ਕੌਰ (ਸਪੁਤਰੀ ਸੰਤ ਜੀਤ ਸਿੰਘ ਦਮਦਮਾ) ਨਾਲ ੫ ਫਗਨ ੨੦੪੫ ਨੂੰ ਸ੍ਰੀ ਜੀਵਨ ਨਗਰ ਵਿਖੇ ਹੋਇਆ। ਇਸ ਖੁਸ਼ੀ ਵਿਚ ਨੰਬਰਦਾਰ ਜੀ ਨੇ ੨੫ ਰੁਪੈ ਸਤਿਜੁਗ, ੨੫ ਰੁਪੈ ਵਰਿਆਮ ਨੂੰ ਸਹਾਇਤਾ ਦਿਤੀ। —ਸਨਖਤਰਵੀ

**ਸੰਤ ਲਹਿਣਾ ਸਿੰਘ (ਸਵ) ਬਨਾਰਸ** ਵਾਲਿਆਂ ਦੇ ਪਰਿਵਾਰ ਵਲੋਂ ੧੦੦/- ਵਰਿਆਮ ਨੂੰ ਸਹਾਇਤਾ ਪੁਜੀ ਹੈ। ਸ: ਪ੍ਰੀਤਮ ਸਿੰਘ ਕਵੀ ਰਾਹੀ ਪੁਜੀ ਇਹ ਸਹਾਇਤਾ ਸੰਤਾਂ ਦੇ ਸਪੁਤਰਾਂ ਸ: ਜਸਵੰਤ ਸਿੰਘ, ਸ: ਸਤਵੰਤ ਸਿੰਘ, ਸ: ਮਨਜੀਤ ਸਿੰਘ ਅਤੇ ਉਹਨਾਂ ਦੀ ਮਾਤਾ ਬੀਬੀ ਰਾਜਿੰਦਰ ਕੌਰ ਅਤੇ ਹੋਰ ਪਰਿਵਾਰ ਨੇ ਬਨਾਰਸ ਵਿਚ ਸੰਗੀਤ ਸਮਾਗਮ ਸਮੇਂ ਕਢੀ। ਇਸ ਸਮਾਗਮ ਦੀ ਰਿਪੋਰਟ ਵਖਰੀ ਛਪ ਰਹੀ ਹੈ।

**ਸੂਬਾ ਹਰਬੰਸ ਸਿੰਘ ਦੋਸ਼ੀ ਔਰੰਗਾਬਾਦ** ਵਾਲਿਆਂ ਵਰਿਆਮ ਵਾਸਤੇ ੫੦ ਰੁ: ਸਹਿਯੋਗ ਭੇਜਿਆ ਹੈ।


Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

**Phones :** Office : 2528411
" : 2510345
Resi. : 213054

**PLEASE CONTACT**

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.



Sri Satguru Jagjit Singh Ji eLibrary NamdhariElibrary@gmail.com

Registered No. PB/JL—253 MONTHLY WARIAM JUNE 1989
Registered with the Registrar of News Papers for India No. 26453/75

# 'POONAM'

**PROUDLY PRODUCES**

**LIP-SMACKING**
**EPOCH-MAKING**
**MOUTH-WATERING**

**Delightful Delectable Delicious**

# BISCUITS

*ALREADY INTRODUCED :*

**Glucose, Roshni, Twinke, Orange**
**Pineapple, Elaichi Cream Biscuits**

**Fully geared to release Shortly Salty Quality Biscuits**

## POONAM BISCUITS PVT. LTD.

**E-23 M.I. D. C. Ind. Area**
**Chikalthana, Aurangabad-431210**

Telephone : 8707
Telegrams : POONAM

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
Monthly WARIAM, Ladowali Road, Jalandhar-144001.



Sri Satguru Jagjit Singh Ji eLibrary NamdhariElibrary@gmail.com